ਕੈਨੇਡਾ ਪੰਜਾਬ ਲਿੰਕ
WEEKLY NEWSPAPER VOL. : 10 ISSUE : 34 SATURDAY, 20 AUGUST, 2022
www.punjablinkpaper.com 604-503-5465

MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan
SATNAM SAROYA
MORTGAGE SPECIALIST
HOMEKEY
604.760.9172
# 384-8148 128 St., Surrey
6303 Fraser St., Vancouver

Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ
ਸੁਪਰ ਵੀਜ਼ਾ ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com

# ਗੈਸ ਕੀਮਤਾਂ ਘੱਟਣ ਕਾਰਨ ਕੈਨੇਡਾ ਵਿਚ ਮਹਿੰਗਾਈ ਦੀ ਦਰ ਘਟ ਕੇ 7.6 ਫ਼ੀਸਦੀ ਹੋਈ



ਓਟਵਾ-ਗੈਸ ਦੀਆਂ ਕੀਮਤਾਂ ਘਟਣ ਕਾਰਨ ਕੈਨੇਡਾ ਦੀ ਸਾਲ ਦਰ ਸਾਲ ਮਹਿੰਗਾਈ ਦੀ ਦਰ ਘੱਟ ਕੇ ਜੁਲਾਈ ਵਿਚ 7.6 ਫ਼ੀਸਦੀ ਹੋ ਗਈ ਹੈ। ਜੂਨ ਵਿਚ ਮਹਿੰਗਾਈ ਦੀ ਦਰ 8.1 ਫ਼ੀਸਦੀ ਸੀ ਜਿਹੜੀ ਲਗਪਗ 40 ਸਾਲਾਂ ਵਿਚ ਸਭ ਤੋਂ ਵੱਧ ਸੀ ਪਰ ਅਰਥ ਸ਼ਾਸਤਰੀ ਵਿਆਪਕ ਤੌਰ 'ਤੇ ਉਸ ਸਮੇਂ ਤੋਂ ਮਹਿੰਗਾਈ ਦੀ ਦਰ ਘਟਣ ਦੀ ਆਸ ਕਰ ਰਹੇ ਸਨ। ਤਾਜ਼ਾ ਖ਼ਪਤਕਾਰ ਕੀਮਤ ਸੂਚਕਾਂਕ ਰਿਪੋਰਟ ਵਿਚ ਸਟੈਟਟਿਕਸ ਕੈਨੇਡਾ ਨੇ ਕਿਹਾ ਕਿ ਦਸੰਬਰ 2021 ਪਿੱਛੋਂ ਜੁਲਾਈ ਵਿਚ ਸਭ ਤੋਂ ਘੱਟ ਮਾਸਕ ਪ੍ਰਾਪਤੀ ਦੇਖੀ ਗਈ। ਜੂਨ 2020 ਪਿੱਛੋਂ ਮੁੱਖ ਮਹਿੰਗਾਈ ਦਰ ਪਹਿਲੀ ਵਾਰ ਘਟੀ ਸੀ। ਫੈਡਰਲ ਏਜੰਸੀ ਨੇ ਦੱਸਿਆ ਕਿ ਗੈਸ ਦੀਆਂ ਕੀਮਤਾਂ ਇਕ ਸਾਲ ਪਹਿਲਾਂ ਦੇ ਜੁਲਾਈ ਦੇ ਮਹੀਨੇ ਦੇ ਮੁਕਾਬਲੇ ਇਸ ਸਾਲ ਜੁਲਾਈ ਵਿਚ 35.6 ਫ਼ੀਸਦੀ ਤਕ ਵੱਧ ਗਈਆਂ ਜਦਕਿ ਜੂਨ ਵਿਚ 54.6 ਫ਼ੀਸਦੀ ਵਧੀਆਂ ਸਨ। ਏਜੰਸੀ ਨੇ ਦੱਸਿਆ ਕਿ ਇਹ ਕੀਮਤਾਂ ਕਈ ਕਾਰਨਾਂ ਕਰਕੇ ਘਟੀਆਂ ਹਨ ਜਿਨ੍ਹਾਂ ਵਿਚ ਵਿਸ਼ਵ ਆਰਥਿਕਤਾ ਦੇ ਹੌਲੀ ਹੋਣ ਬਾਰੇ ਚਿੰਤਾਵਾਂ, ਚੀਨ ਵਿਚ ਕੋਵਿਡ-19 ਨਾਲ ਸਬੰਧਤ ਜਨਤਕ ਸਿਹਤ ਪਾਬੰਦੀਆਂ ਵਧਣ ਅਤੇ ਅਮਰੀਕਾ ਵਿਚ ਗੈਸੋਲੀਨ ਦੀ ਮੰਗ ਹੌਲੀ ਹੋਣਾ ਸ਼ਾਮਿਲ ਹੈ।

# ਬੀਸੀ ਓਵਰਡੋਜ਼ ਸੰਕਟ ਨੇ 10 ਹਜ਼ਾਰ ਤੋਂ ਵੱਧ ਜਾਨਾਂ ਲਈਆਂ

ਵਿਕਟੋਰੀਆ-2016 ਵਿਚ ਜਦੋਂ ਦੀ ਬ੍ਰਿਟਿਸ਼ ਕੋਲੰਬੀਆ ਵਿਚ ਜਨਤਕ ਸਿਹਤ ਐਮਰਜੈਂਸੀ ਐਲਾਨੀ ਗਈ ਹੈ ਉਸ ਸਮੇਂ ਤੋਂ ਸੂਬੇ ਵਿਚ ਗੈਰਕਾਨੂੰਨੀ ਤੇ ਜ਼ਹਿਰੀਲੇ ਨਸ਼ੀਲੇ ਪਦਾਰਥਾਂ ਨਾਲ 10000 ਤੋਂ ਵੀ ਜ਼ਿਆਦਾ ਮੌਤਾਂ ਹੋਈਆਂ ਹਨ। 2022 ਦੇ ਪਹਿਲੇ ਅੱਧ ਵਿਚ 1095 ਬ੍ਰਿਟਿਸ਼ ਕੋਲੰਬੀਆ ਵਾਸੀਆਂ ਦੀ ਦੁਰਘਟਨਾ ਵੱਸ ਓਵਰਡੋਜ਼ ਨਾਲ ਮੌਤ ਹੋ ਗਈ ਅਤੇ ਇਹ ਇਕ ਕੈਲੰਡਰ ਸਾਲ ਦੇ ਪਹਿਲੇ 6 ਮਹੀਨਿਆਂ ਵਿਚ ਮੌਤਾਂ ਦੀ ਸਭ ਤੋਂ ਉੱਚੀ ਦਰ ਹੈ। ਪਿਛਲੇ ਸਾਲ ਇਸੇ ਸਮੇਂ ਦੌਰਾਨ 1071 ਵਿਅਕਤੀਆਂ ਦੀ ਮੌਤ ਹੋ ਗਈ ਸੀ ਜਿਸ ਨੇ 2021 ਲਈ 2264 ਮੌਤਾਂ ਦਾ ਰਿਕਾਰਡ ਯੋਗਦਾਨ ਪਾਇਆ ਸੀ। ਇਸ ਸਾਲ 1095 ਮੌਤਾਂ ਹੋਣ ਨਾਲ 2016 ਤੋਂ ਓਪੀਔਡ ਓਵਰਡੋਜ਼ ਸੰਕਟ ਨਾਲ ਮਰਨ ਵਾਲੇ ਵਿਅਕਤੀਆਂ ਦੀ ਗਿਣਤੀ 10168 ਹੋ ਗਈ ਹੈ। ਸਰਕਾਰ ਵਲੋਂ ਕਦਮ ਚੁੱਕਣ ਅਤੇ ਐਡਵੋਕੇਟਸ ਵਲੋਂ ਕਾਰਵਾਈਆਂ ਲਈ ਕੀਤੀਆਂ ਜਾ ਰਹੀਆਂ ਵਾਰ ਵਾਰ ਅਪੀਲਾਂ ਦੇ ਬਾਵਜੂਦ ਸਥਿਤੀ ਲਗਾਤਾਰ ਖਰਾਬ ਹੋ ਰਹੀ ਹੈ। ਚੀਫ ਕੋਰੋਨਰ ਲੀਸਾ ਲੈਪੋਂਟੇ ਨੇ ਇਕ ਨਿਊਜ਼ ਕਾਨਫਰੰਸ ਵਿਚ ਦੱਸਿਆ ਕਿ ਜਨਤਕ ਸਿਹਤ ਐਮਰਜੈਂਸੀ (2016) ਮੌਤਾਂ ਦੀ ਗਿਣਤੀ ਵਿਚ ਵਾਧੇ ਕਾਰਨ ਐਲਾਨੀ ਗਈ ਸੀ। ਅਸੀਂ ਹੁਣ ਦੇਖ ਰਹੇ ਹਾਂ ਕਿ ਪ੍ਰਤੀ ਦਿਨ ਮੌਤਾਂ ਦੀ ਗਿਣਤੀ 2.7 ਤੋਂ ਵਧ ਕੇ 2022 ਵਿਚ ਪ੍ਰਤੀ ਦਿਨ 6 ਹੋ ਗਈ ਹੈ। ਬੀਸੀ ਵਿਚ ਗੈਰਕਾਨੂੰਨੀ ਨਸ਼ੀਲੇ ਪਦਾਰਥਾਂ ਦੇ ਜ਼ਹਿਰੀਲੇਪਣ ਤੋਂ ਮੌਤਾਂ ਦੀ ਦਰ 2016 ਵਿਚ ਇਕ ਲੱਖ ਵਿਅਕਤੀਆਂ ਪਿੱਛੇ 20.4 ਵਿਅਕਤੀਆਂ ਤੋਂ ਵਧ ਕੇ 2021 ਵਿਚ 43.6 ਵਿਅਕਤੀ ਹੋ ਗਈ ਹੈ ਅਤੇ ਇਹ ਗਿਣਤੀ ਸਮੁੱਚੇ ਕੈਨੇਡਾ ਵਿਚ ਦੁੱਗਣੀ ਹੋ ਗਈ ਹੈ। ਇਸ ਦੇਸ਼ ਵਿਚ ਨਸ਼ੀਲੇ ਪਦਾਰਥਾਂ ਦੇ ਜ਼ਹਿਰੀਲੇਪਣ ਨਾਲ ਹੋਣ ਵਾਲੀਆਂ ਮੌਤਾਂ ਵਿਚ ਬੀਸੀ ਸਾਰਿਆਂ ਤੋਂ ਅੱਗੇ ਹੈ। ਕੋਰੋਨਰਜ਼ ਸਰਵਿਸ ਦੀ ਤਾਜ਼ਾ ਰਿਪੋਰਟ ਦੱਸਦੀ ਹੈ ਕਿ ਜੂਨ ਮਹੀਨੇ ਬੀਸੀ ਵਿਚ 146 ਵਿਅਕਤੀਆਂ ਦੀ ਸ਼ੱਕੀ ਓਵਰਡੋਜ਼ ਨਾਲ ਮੌਤ ਹੋਈ ਸੀ। ਇਹ ਇਸ ਸਾਲ ਦੇ ਕਿਸੇ ਵੀ ਮਹੀਨੇ ਦੇ ਸਭ ਤੋਂ ਘੱਟ ਅੰਕੜੇ ਹਨ ਅਤੇ ਪਿਛਲੇ ਸਾਲ ਜੂਨ ਮਹੀਨੇ ਜਦੋਂ 175 ਵਿਅਕਤੀਆਂ ਦੀ ਮੌਤ ਹੋਈ ਸੀ ਨਾਲੋਂ 17 ਫ਼ੀਸਦੀ ਘੱਟ ਹਨ। 2021 ਵਿਚ ਨਸ਼ੀਲੇ ਪਦਾਰਥਾਂ ਦੀ ਜ਼ਿਆਦਾ ਮਾਤਰਾ ਨਾਲ 18 ਸਾਲ ਅਤੇ ਇਸ ਤੋਂ ਘੱਟ ਉਮਰ ਦੇ 29 ਨੌਜਵਾਨਾਂ ਦੀ ਮੌਤ ਹੋਈ ਸੀ ਜੋ ਕਿ ਹੁਣ ਤਕ ਦੀ ਸਭ ਤੋਂ ਵੱਧ ਹੈ ਅਤੇ 2016 ਵਿਚ ਹੋਈਆਂ 12 ਮੌਤਾਂ ਤੋਂ ਦੁੱਗਣੀਆਂ ਤੋਂ ਵੀ ਜ਼ਿਆਦਾ ਹਨ।



For All Kind of Real Estate Needs
ਕਾਬਲੀਅਤ, ਤਜੁਰਬਾ ਅਤੇ ਸਮਜਦਾਰੀ... ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੌਇਂਟਮੈਂਟ
AVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜ਼ਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions & Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119 -12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Keep Smiling Denture Clinic
- Complete Denture
- Implant Denture
- Partial Denture
- Reline, Rebase
- Emergency Repair
- Mouth / Night Guard
Open Seven Days | Care Home Mobile Service
Gagan Chahal R.D.
Registered Denturist
Office: 778-600.0811, Gagan@DenturistBC.com
Address : 13117, 67A Ave, Surrey, BC

BALLOWAL MONEY EXCHANGE
6418-Claytonwood Gate, Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
Sher Singh Grewal
778-723-6900

Bank Turndown? Could be just what you need!
Quick Private Funds
- $10,000 to $1 Million in just 24 Hours
- Up to $5 Million Available
Call today to get started
SANJEEV KATYAL
604.767.5194
info@katyalmortgage.ca
invis
WWW.KATYALMORTGAGE.CA

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com

MORTGAGE SPECIALIST!
Residential Construction, Commercial and Private Mortgages
- Pre - Approval available in 24 Hours - rate hold - 120 days
- Bad credit also welcome
AMANDEEP DUGGAL
MORTGAGE BROKER
A Better Way
604-368 -2030
604-227-9694
# 102-6321 King George Blvd, Surrey

TRANSource FREIGHTWAYS
*First Time
Pin to Pin
(ਯਾਰਡ ਤੋਂ ਯਾਰਡ)
ਕੰਮ ਲਈ Drivers & Owner Operators ਚਾਹੀਦੇ ਹਨ
ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ
SUKHBIR SINGH
604.525.0527 Ext. 112

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤੱਸਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਓ
Lakhvir Singh Grewal: 778-881-0002

S|T &|A Simpson, Thomas & Associates
TRIAL LAWYERS

"Simpson, Thomas & Associates are a legal dream team. No other law firm could have fought this claim as it takes a lot of resources to fight a case of this nature."

– Former client commenting on the Jago wedding tragedy

# B.C.'s Pioneering Law Firm for Motor Vehicle and Personal Injury Cases

For over 50 years Simpson, Thomas & Associates (formerly Simpson & Company) have been advocates for personal injury victims seeking justice.

A+ Rated BBB ACCREDITED BUSINESS

"Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved."

– B.Sekhon

**Our history of successfully settling personal injury claims has garnered respect from our clients, and within the legal and rehabilitation communities in B.C.**

- Brain Injury
- Paraplegia
- Quadriplegia
- Spinal Cord Injury

**Translation Services Available**
STA has support staff fluent in Punjabi, Hindi and Gujarati.

**Your Needs Come First**
If mobility is a challenge, we can come to you.


Adam Ueland
LAWYER

**Call Simpson, Thomas & Associates at 604-229-6448 to request a free initial legal consultation or fill out our online form on simpsonthomas.com**

"We have offices in Vancouver and Surrey/Delta."

Caring. Compassionate. Community-Focussed.

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St
(Little India Plaza)
Surrey, BC
AXiO Accounting + Tax
LAKHJIT S. SARANG
604-613-9100

PUNJAB LINK
ਪੰਜਾਬ ਲਿੰਕ
WEEKLY NEWSPAPER VOL. : 10 ISSUE : 34 SATURDAY, 20 AUGUST, 2022
www.punjablinkpaper.com 604-503-5465

ਰੇਡੀਓ ਹੁਣ ਤੁਹਾਡੇ ਫੋਨ ਵਿੱਚ
Punjabi Link Radio
Available on the App Store
Google play
24 Hour Online Radio
ਪ੍ਰਭ ਕੀ ਬਾਣੀ
6.00am to 8:00am
ਕੁੱਝ ਖਬਰਾਂ ਕੁੱਝ ਗੀਤ
12:00pm to 2:00pm
B.C. Time Mon to Sat
Amarjit Singh
Surrey Studio: 778-564-5642
Office: 1-844-884-8840
www.punjabilinkradio.com

## ਸੀ.ਬੀ.ਆਈ. ਵੱਲੋਂ ਉਪ ਮੁੱਖ ਮੰਤਰੀ ਸਿਸੋਦੀਆ ਦੇ ਘਰ ਛਾਪੇਮਾਰੀ



ਨਵੀਂ ਦਿੱਲੀ (ਦਿਓਲ)-ਆਬਕਾਰੀ ਨੀਤੀ ਮਾਮਲੇ 'ਚ ਐੱਫਆਈਆਰ ਦਰਜ ਕਰਨ ਤੋਂ ਬਾਅਦ ਸੀਬੀਆਈ ਨੇ ਅੱਜ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਅਤੇ ਆਈਏਐੱਸ ਅਧਿਕਾਰੀ ਆਰਵ ਗੋਪੀ ਕ੍ਰਿਸ਼ਨਾ ਦੇ ਘਰ ਸਮੇਤ ਦਿੱਲੀ ਅਤੇ ਰਾਸ਼ਟਰੀ ਰਾਜਧਾਨੀ ਖੇਤਰ (ਐੱਨਸੀਆਰ) ਵਿੱਚ 21 ਥਾਵਾਂ ਤੇ ਛਾਪੇਮਾਰੀ ਕੀਤੀ। ਛਾਪੇਮਾਰੀ ਦੌਰਾਨ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਦੀ ਰਿਹਾਇਸ਼ ਤੋਂ ਦਸਤਾਵੇਜ਼ ਅਤੇ ਇਲੈਕਟ੍ਰਾਨਿਕ ਉਪਕਰਣ ਜ਼ਬਤ ਕੀਤੇ ਹਨ।ਅਧਿਕਾਰੀਆਂ ਨੇ ਦੱਸਿਆ ਕਿ ਸੀਬੀਆਈ ਨੇ ਪਿਛਲੇ ਸਾਲ ਨਵੰਬਰ ਵਿੱਚ ਲਿਆਂਦੀ ਗਈ ਦਿੱਲੀ ਆਬਕਾਰੀ ਨੀਤੀ ਨੂੰ ਬਣਾਉਣ ਅਤੇ ਲਾਗੂ ਕਰਨ ਵਿੱਚ ਕਥਿਤ ਬੇਨਿਯਮੀਆਂ ਦੇ ਸਬੰਧ ਵਿੱਚ ਐੱਫਆਈਆਰ ਦਰਜ ਕੀਤੀ ਹੈ। ਉਨ੍ਹਾਂ ਕਿਹਾ ਕਿ ਛਾਪੇ ਦੌਰਾਨ ਸੀਬੀਆਈ ਦੀਆਂ ਟੀਮਾਂ ਸਿਸੋਦੀਆ ਅਤੇ 2012 ਬੈਚ ਦੇ ਏਜੀਐੱਮਯੂਟੀ ਕੇਡਰ ਦੇ ਆਈਏਐੱਸ ਅਧਿਕਾਰੀ ਅਤੇ ਸਾਬਕਾ ਆਬਕਾਰੀ ਕਮਿਸ਼ਨਰ ਕ੍ਰਿਸ਼ਨਾ ਸਮੇਤ ਚਾਰ ਜਨਤਕ ਸੇਵਕਾਂ ਸਮੇਤ 21 ਥਾਵਾਂ ਤੇ ਪਹੁੰਚੀਆਂ।

# ਗੁਜਰਾਤ ਸਰਕਾਰ ਨੇ ਦੰਗਿਆਂ ਤੇ ਬਿਲਕੀਸ ਬਾਨੋ ਮਾਮਲੇ ਦੇ 11 ਦੋਸ਼ੀ ਜੇਲ 'ਚੋਂ ਰਿਹਾਅ ਕੀਤੇ

### ਬਿਲਕੀਸ ਬਾਨੋ ਸਮੇਤ ਮੁਲਕ ਭਰ ਵਿਚ ਸਰਕਾਰ ਦੇ ਫੈਸਲੇ ਖਿਲਾਫ ਰੋਸ

ਅਹਿਮਦਾਬਾਦ-ਭਾਰਤ ਸਰਕਾਰ ਵਲੋਂ ਮਨਾਏ ਜਾ ਰਹੇ ਆਜਾਦੀ ਅੰਮ੍ਰਿਤ ਮਹਾਂਉਤਸਵ ਮੌਕੇ ਗੁਜਰਾਤ ਦੰਗਿਆਂ ਤੇ ਬਿਲਕੀਸ ਬਾਨੋ ਬਲਾਤਕਾਰ ਕੇਸ ਵਿਚ ਜੇਲ ਭੁਗਤ ਰਹੇ 11 ਮੁਜਰਮਾਂ ਨੂੰ ਗੁਜਰਾਤ ਸਰਕਾਰ ਵਲੋਂ ਰਿਹਾਅ ਕੀਤੇ ਜਾਣ ਦੇ ਦੇਸ਼ ਭਰ ਵਿਚ ਸਰਕਾਰ ਖਿਲਾਫ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸੇ ਦੌਰਾਨ ਗੁਜਰਾਤ ਦੇ ਦੰਗਿਆਂ ਦੀ ਪੀੜ ਆਪਣੇ ਪਿੰਡੇ 'ਤੇ ਹੰਢਾਉਣ ਵਾਲੀ ਬਿਲਕੀਸ ਬਾਨੋ ਨੇ ਕਿਹਾ ਹੈ ਕਿ ਉਸ ਅਤੇ ਉਹਦੇ ਸੱਤ ਪਰਿਵਾਰਕ ਮੈਂਬਰਾਂ ਨਾਲ ਸਬੰਧਤ ਕੇਸ ਵਿੱਚ ਉਮਰ ਕੈਦ ਦੀ ਸਜ਼ਾ ਕੱਟ ਰਹੇ 11 ਮੁਜਰਮਾਂ ਨੂੰ ਸਮੇਂ ਤੋਂ ਪਹਿਲਾਂ ਰਿਹਾਅ ਕਰਨ ਦੇ ਸੂਬਾ ਸਰਕਾਰ ਦੇ ਫੈਸਲੇ ਨਾਲ ਉਸ ਦਾ ਨਿਆਂ ਵਿਵਸਥਾ ਤੋਂ ਯਕੀਨ ਉੱਠ ਗਿਆ ਹੈ ਤੇ ਉਹ ਸੁੰਨ ਪੈ ਗਈ ਹੈ। ਬਾਨੋ ਨੇ ਗੁਜਰਾਤ ਸਰਕਾਰ ਨੂੰ ਇਸ ਫੈਸਲੇ ਨੂੰ ਵਾਪਸ ਲੈਣ ਅਤੇ 'ਸ਼ਾਂਤੀ ਅਤੇ ਡਰ ਤੋਂ ਬਿਨਾਂ ਜ਼ਿੰਦਗੀ ਜਿਊਣ' ਦਾ ਅਧਿਕਾਰ ਵਾਪਸ ਕਰਨ ਦੀ ਅਪੀਲ ਕੀਤੀ ਹੈ। ਚੇਤੇ ਰਹੇ ਕਿ ਦੰਗਿਆਂ ਦੌਰਾਨ ਬਿਲਕੀਸ ਬਾਨੋ ਜਬਰ-ਜਨਾਹ ਤੇ ਉਸ ਦੇ ਪਰਿਵਾਰ ਦੇ ਸੱਤ ਜੀਆਂ ਦੀ ਹੱਤਿਆ ਦੇ ਦੋਸ਼ 'ਚ ਉਮਰ ਕੈਦ ਦੀ ਸਜ਼ਾ ਕੱਟ ਰਹੇ 11 ਮੁਜਰਮਾਂ ਨੂੰ, ਗੁਜਰਾਤ ਦੀ ਭਾਜਪਾ ਸਰਕਾਰ ਵੱਲੋਂ ਦਿੱਤੀ ਵਿਸ਼ੇਸ਼ ਖਿਮਾ ਤਹਿਤ ਸੋਮਵਾਰ ਨੂੰ ਗੋਧਰਾ ਸਬ-ਜੇਲ੍ਹ 'ਚੋਂ ਰਿਹਾਅ ਕਰ ਦਿੱਤਾ ਗਿਆ ਸੀ। ਬਿਲਕੀਸ ਨੇ ਗੁਜਰਾਤ ਸਰਕਾਰ ਦੀ ਇਸ ਪੇਸ਼ਕਦਮੀ ਦੀ ਆਲੋਚਨਾ ਕਰਦੇ ਹੋਏ ਕਿਹਾ ਕਿ 'ਇਨਾ ਵੱਡਾ ਤੇ ਨਿਆਂਹੀਣ ਫੈਸਲਾ' ਲੈਣ ਤੋਂ ਪਹਿਲਾਂ ਕਿਸੇ ਨੇ ਵੀ ਉਹਦੀ ਸੁਰੱਖਿਆ ਤੇ ਸਲਾਮਤੀ ਨੂੰ ਲੈ ਕੇ ਸਾਰ ਨਹੀਂ ਲਈ। ਬਾਨੋ ਨੇ ਆਪਣੀ ਵਕੀਲ ਸ਼ੋਭਾ ਵੱਲੋਂ ਜਾਰੀ ਬਿਆਨ ਵਿੱਚ ਕਿਹਾ, "15 ਅਗਸਤ 2022 ਨੂੰ ਪਿਛਲੇ 20 ਸਾਲਾਂ ਦੇ ਜ਼ਖ਼ਮ ਮੁੜ ਅੱਲੇ ਹੋ ਗਏ, ਜਦੋਂ ਮੈਨੂੰ ਇਹ ਪਤਾ ਲੱਗਾ ਕਿ 11 ਦੋਸ਼ੀ, ਜਿਨ੍ਹਾਂ ਮੇਰਾ ਪਰਿਵਾਰ ਤੇ ਮੇਰੀ ਜ਼ਿੰਦਗੀ ਉਜਾੜ ਦਿੱਤੀ ਅਤੇ ਮੇਰੀ ਤਿੰਨ ਸਾਲਾ ਧੀ ਮੈਥੋਂ ਖੋਹ ਲਈ, ਨੂੰ ਰਿਹਾਅ ਕਰ ਦਿੱਤਾ ਗਿਆ ਹੈ। ਮੇਰੇ ਕੋਲ ਸ਼ਬਦ ਨਹੀਂ ਸਨ। ਮੈਂ ਅਜੇ ਵੀ ਸੁੰਨ ਹਾਂ।" ਬਿਲਕੀਸ ਬਾਨੋ ਨੇ ਕਿਹਾ ਉਹ ਇਹ ਇੰਨਾ ਹੀ ਕਹਿ ਸਕਦੀ ਹੈ ਕਿ 'ਕਿਸੇ ਔਰਤ ਲਈ ਨਿਆਂ ਇੰਜ ਕਿਵੇਂ ਖ਼ਤਮ ਹੋ ਸਕਦਾ ਹੈ ? ਮੈਂ ਆਪਣੇ ਦੇਸ਼ ਦੀਆਂ ਹਾਈ ਕੋਰਟਾਂ 'ਤੇ ਵਿਸ਼ਵਾਸ ਕੀਤਾ। ਮੈਂ ਸਿਸਟਮ 'ਤੇ ਯਕੀਨ ਕੀਤਾ, ਅਤੇ ਮੈਂ ਹੌਲੀ ਹੌਲੀ ਆਪਣੇ ਜ਼ਖ਼ਮਾਂ ਨਾਲ ਜਿਊਣਾ ਸਿੱਖ ਲਿਆ ਸੀ। ਇਨ੍ਹਾਂ ਮੁਜਰਮਾਂ ਦੀ ਰਿਹਾਈ ਨੇ ਮੇਰਾ ਸਕੂਨ ਮੈਥੋਂ ਖੋਹ ਲਿਆ ਤੇ ਨਿਆਂ ਵਿਵਸਥਾ ਵਿੱਚ ਮੇਰੇ ਵਿਸ਼ਵਾਸ ਨੂੰ ਸੱਟ ਮਾਰੀ ਹੈ।" ਬਾਨੋ ਨੇ ਕਿਹਾ, "ਮੇਰਾ ਦੁੱਖ ਤੇ ਮੇਰਾ ਡੋਲਦਾ ਵਿਸ਼ਵਾਸ ਮੇਰੇ ਇਕੱਲਿਆਂ ਦਾ ਨਹੀਂ ਬਲਕਿ ਹਰ ਉਸ ਔਰਤ ਦਾ ਹੈ, ਜੋ ਕੋਰਟਾਂ ਵਿੱਚ ਨਿਆਂ ਲਈ ਸੰਘਰਸ਼ ਕਰ ਰਹੀਆਂ ਹਨ।" ਉਨ੍ਹਾਂ ਆਪਣੀ ਤੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਵੀ ਕਿਹਾ।



GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

WE NOW OFFER OVER 40 PROGRAMS
StudentAidBC

| | | | |
|---|---|---|---|
| EDUCATION ASSISTANT $8000 | HEALTH CARE ASSISTANT $5250 | PHARMACY ASSISTANT $5500 | CERTIFIED DENTAL ASSISTANT $14,000 |
| WAGES:$24-$28 PER HOUR | WAGES:$17-$26.50 PER HOUR | WAGES:$19.61-$27.30 PER HOUR | WAGES:$26-$30 PER HOUR |

ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey
Unit 201-8318 120 St.
Abbotsford
Unit 201-3670 Townline Rd.
South Surrey
Unit 204-15850 24 Ave

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries A TRUSTED TRADITION
Payal Business Centre
80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca






# ਭਾਰਤ ਸਾਬਕਾ ਸੈਨਿਕ ਸੁਸਾਇਟੀ ਆਫ.ਬੀ.ਸੀ. ਵੱਲੋਂ ਭਾਰਤ ਦੇ 75ਵੇਂ ਸੁਤੰਤਰਤਾ ਦਿਵਸ 'ਆਜ਼ਾਦੀ ਕਾ ਮਹੋਤਸਵ' ਦਾ ਜਸ਼ਨ

ਸਰੀ-15 ਅਗਸਤ, 2022 ਨੂੰ ਕੈਪਟਨ (ਸੇਵਾ ਮੁਕਤ) ਮੋਹਿੰਦਰ ਸਿੰਘ ਜਸਵਾਲ ਨੇ ਹੇਸ ਸੁਸਾਇਟੀ ਦੇ ਸਾਬਕਾ ਫੌਜੀਆਂ ਨਾਲ ਮਿਲ ਕੇ ਭਾਰਤ ਦੇ ਰਾਸ਼ਟਰੀ ਝੰਡੇ ਦੀ ਅਨ ਫਰਲਿੰਗ ਵਿਚ ਭਾਰਤ ਦੇ ਕੌਂਸਲੇਟ ਜਨਰਲ, ਵੈਨਕੂਵਰ ਦੇ ਦਫ਼ਤਰ ਵਿਚ ਹਿੱਸਾ ਲਿਆ। ਇਸ ਤੋਂ ਇਲਾਵਾ ਇਸ ਸਮਾਰੋਹ ਵਿਚ ਉੱਘੀਆਂ ਭਾਰਤੀ ਹਸਤੀਆਂ ਨੇ ਵੀ ਹਿੱਸਾ ਲਿਆ। ਸ਼ਾਮ ਨੂੰ ਭਾਰਤ ਦੇ ਕੌਂਸਲੇਟ ਜਨਰਲ ਵੱਲੋਂ ਐਂਪਾਇਰ ਬੈਂਕੁਇਟ ਹਾਲ, ਸਰੀ ਵਿਖੇ ਇਕ ਰਿਸੈਪਸ਼ਨ ਪ੍ਰੋਗਰਾਮ ਵੀ ਆਯੋਜਿਤ ਕੀਤਾ ਗਿਆ। ਜਿਸ ਵਿਚ ਭਾਰਤੀ ਹਥਿਆਰਬੰਦ ਬਲਾਂ ਦੇ ਉੱਚ ਦਰਜੇ ਦੇ ਸਾਬਕਾ ਫੌਜੀਆਂ ਏਅਰ ਮਾਰਸ਼ਨ ਅਤੇ ਬ੍ਰਿਗੇਡੀਅਰ ਅਤੇ ਇਸ ਸੁਸਾਇਟੀ ਦੇ ਲਗਭਗ 30 ਸਾਬਕਾ ਫੌਜੀਆਂ ਨੇ ਹਿੱਸਾ ਲਿਆ। ਪਿਛਲੇ 75 ਸਾਲਾਂ ਦੌਰਾਨ ਭਾਰਤ ਦੀਆਂ ਪ੍ਰਾਪਤੀਆਂ 'ਤੇ ਇਕ ਲਘੂ ਫ਼ਿਲਮ ਪ੍ਰਦਰਸ਼ਿਤ ਕੀਤੀ ਗਈ ਸੀ। 16 ਅਗਸਤ, 2022 ਨੂੰ ਭਾਰਤ ਦੇ ਕੌਂਸਲੇਟ ਜਨਰਲ ਦੁਆਰਾ ਮਾਈਕਲ ਜੇ ਫੌਕਸ ਥੀਏਟਰ, ਬਰਨਬੀ, ਬੀ. ਸੀ. ਵਿਖੇ ਇਕ ਸੰਗੀਤ ਸਮਾਰੋਹ ਦਾ ਆਯੋਜਨ ਵੀ ਕੀਤਾ ਗਿਆ ਜਿਸ ਨੂੰ ਸੁਸਾਇਟੀ ਦੇ ਸਾਬਕਾ ਫੌਜੀਆਂ ਨੇ ਵੀ ਦੇਖਿਆ ਸੀ। ਇਸ ਸਮਾਰੋਹ ਨੂੰ ਦਰਸ਼ਕਾਂ ਨੇ ਬਹੁਤ ਸਰਾਹਿਆ।




EVERSHINE FAMILY DENTISTRY
"Healthy beautiful Smiles"
Fillings, Extractions, Deep Cleaning, Crown and Bridge, Root Canals, Digital X-Rays
Practising for more than 11 years
111 - 7130 120 Street Surrey, BC V3W 3M8
(Near Guru Nanak Sikh Gurdwara) Located Ground Floor of Satnam Plaza
www.evershinedental.ca
604-593-6515
Dr. Anjanpal Kaur Bhalla



Get your Mortgage approved from the
CANADA'S TOP #26 MORTGAGE BROKER
2022 TOP 75 BROKERS CMP
• Purchase • Renewal • Refinance
• Construction & Farm Mortgages
4.18%* 5 Years Variable Closed *Conditions Apply.
GET CASH BACK UPTO $3,000*





RAJ GILL, AMP
604 564 1000
VANCOUVER
Unit 200-6330 Fraser St @47 Ave & Fraser St
Our Symbol of Care & Service
Superior Mortgage
The Banking Alternative
SHARNJIT GILL, AMP
604 507 1000
SURREY
Unit 244 8138 128 St
www.quickapproval.ca
*Some conditions apply. Valid till 31 August, 2022

JJB INSURANCE
Sarban Singh Sidhu
604-507-6866
#1, 13791, 72 AVE, SURREY (NEAR FRUITICANA)
We Are Specialist In Setting Up New Prorate Co, Fleet, Cargo
Autoplan

| Dwelling | Contents | Liability | Annual Premium |
|---|---|---|---|
| 400,000 | 280,000 | 1,000,000 | 395 |
| 500,000 | 350,000 | 1,000,000 | 512 |
| 600,000 | 420,000 | 1,000,000 | 607 |
| 700,000 | 490,000 | 1,000,000 | 702 |



*RATES SUBJECT TO CHANGE WITHOUT ANY NOTICE
HOUSE INSURANCE UP TO 65% DISCOUNT AVAILABLE
THESE RATES INCLUDE:-
• REPLACEMENT COST ON DWELLING & CONTENTS
• SEWER BACKUP • CLAIM FREE DISCOUNT
• SENIOR / MORTGAGE FREE DISCOUNT
• HOME PROTECTION DISCOUNT
• NEW HOME DISCOUNT • DEDUCTIBLE DISCOUNT
Life • Critical • Disability • RRSP • RESP • Visitor • Super Visa
Ask for Special Rate for Super Visa Insurance
Money Back upon Visa Declined
• ਪਹਿਲੀ ਵਾਰ ਘਰ ਖ਼ਰੀਦਣ ਵਾਲਿਆਂ ਲਈ ਸਪੈਸ਼ਲ ਰੇਟ
• ਘਰਾਂ, ਕਾਰਾਂ, ਟਰੱਕਾਂ ਦੀ ਇੰਸ਼ੋਰੈਂਸ ਲਈ ਵਧੀਆ ਰੇਟ ਅਤੇ ਮਹੀਨੇਵਾਰ ਪੇਮੈਂਟ ਦੀ ਸਹੂਲਤ
Wawanesa Insurance
Call Us Before You Renew / Buy Any Insurance Lien & Accident Search Available

# ਸਰੀ ਕੰਡੋ ਮਾਲਕ ਨੂੰ ਸਿਗਰਟਨੋਸ਼ੀ ਬਦਲੇ 800 ਡਾਲਰ ਦਾ ਜ਼ੁਰਮਾਨਾ

ਵਿਕਟੋਰੀਆ-ਸਰੀ ਕੰਡੋ ਦੇ ਮਾਲਕ ਜਿਸ ਨੇ ਆਪਣੇ ਯੂਨਿਟ ਵਿਚ ਸਿਗਰਟਨੋਸ਼ੀ ਅਤੇ ਭੰਗ ਦੀ ਵਰਤੋਂ ਲਈ 800 ਡਾਲਰ ਜ਼ੁਰਮਾਨੇ ਖਿਲਾਫ ਕਾਨੂੰਨੀ ਲੜਾਈ ਲੜੀ ਨੂੰ ਲੋਕਾਂ ਦੇ ਇਕ ਵਰਗ ਦੀਆਂ ਕਾਨੂੰਨੀ ਫੀਸਾਂ ਨੂੰ ਪੂਰਾ ਕਰਨ ਲਈ 13000 ਡਾਲਰ ਤੋਂ ਵੱਧ ਦਾ ਭੁਗਤਾਨ ਕਰਨਾ ਪਵੇਗਾ। ਹਾਲ ਵਿਚ ਪੋਸਟ ਕੀਤੇ ਫ਼ੈਸਲੇ ਮੁਤਾਬਿਕ ਸ਼ਿਕਾਇਤਾਂ ਮਿਲਣ ਪਿੱਛੋਂ 55 ਯੂਨਿਟਾਂ ਵਾਲੇ 68ਵੇਂ ਐਵੀਨਿਊ 'ਤੇ ਇਕ ਕੰਪਲੈਕਸ ਵਿਖੇ ਲੋਕਾਂ ਦਾ ਇਕ ਗਰੁੱਪ ਮਾਲਕ ਜੇਮਸ ਗਰਾਹਮ ਨੂੰ ਆਪਣੇ ਯੂਨਿਟ ਵਿਚ ਸਿਗਰਟਨੋਸ਼ੀ ਕਰਨ ਤੋਂ ਰੋਕਣ ਲਈ ਮਾਮਲਾ ਬੀਸੀ ਸਿਵਲ ਰੈਜ਼ੋਲਿਊਸ਼ਨ ਟ੍ਰਿਬਿਊਨਲ ਕੋਲ ਲੈ ਕੇ ਗਿਆ ਸੀ। ਇਕ ਗੁਆਂਢੀ ਨੇ ਮਾਰਚ 2022 ਦੇ ਅਖੀਰ ਤਕ ਇਕ ਸਾਲ ਅਤੇ ਦੋ ਮਹੀਨਿਆਂ ਦੇ ਸਮੇਂ ਦੌਰਾਨ 260 ਵਾਰ ਸ਼ਿਕਾਇਤ ਕੀਤੀ ਜਦੋਂ ਗਰਾਹਮ ਦੇ ਕੰਡੋ ਜਿਹੜਾ ਉਸ ਦੇ ਨਾਲ ਪੈਂਦਾ ਸੀ ਵਿਚੋਂ ਸਿਗਰਟ ਅਤੇ ਭੰਗ ਦੀ ਬਦਬੂ ਤੇ ਧੂੰਆਂ ਨਿਕਲਿਆ ਸੀ। ਉਸ ਨੇ ਆਪਣੀਆਂ ਸ਼ਿਕਾਇਤਾਂ ਵਿਚ ਕਿਹਾ ਸੀ ਕਿ ਕਈ ਵਾਰ ਤਾਂ ਇੰਨੀ ਹਾਲਤ ਖਰਾਬ ਹੁੰਦੀ ਹੈ ਉਹ ਆਪਣੇ ਘਰ ਵਿਚ ਬਣਾਏ ਦਫ਼ਤਰ ਤੋਂ ਕੰਮ ਨਹੀਂ ਕਰ ਸਕਦੀ, ਉਪਰਲੇ ਬਾਥਰੂਮ ਵਿਚ ਨਹਾ ਨਹੀਂ ਸਕਦੀ ਜਾਂ ਰਸੋਈ ਵਿਚ ਹੀ ਨਾਸ਼ਤਾ ਕਰਨਾ ਪੈਂਦਾ ਹੈ। ਕੌਂਸਲ ਮੈਂਬਰਾਂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ 2021 ਵਿਚ ਦੋ ਮੌਕਿਆਂ 'ਤੇ ਬਿਜਲੀ ਆਊਟਲੈਂਟਾਂ ਰਾਹੀਂ ਭੰਗ ਦੀ ਤਿੱਖੀ ਬਦਬੂ ਮਹਿਸੂਸ ਕੀਤੀ ਗਈ ਅਤੇ ਉਹ ਗਰਾਹਮ ਦੇ ਯੂਨਿਟ ਵਿਚੋਂ ਆ ਰਹੀ ਸੀ। ਗਰਾਹਮ ਨੇ ਆਪਣੇ ਕੰਡੋ ਵਿਚ ਸਿਗਰਟਨੋਸ਼ੀ ਤੋਂ ਇਨਕਾਰ ਕੀਤਾ ਅਤੇ ਜਵਾਬ ਵਿਚ ਕਿਹਾ ਕਿ ਲੋਕਾਂ ਦੇ ਗਰੁੱਪ ਨੇ ਇਹ ਸਾਬਤ ਨਹੀਂ ਕੀਤਾ ਕਿ ਉਹ ਅਜਿਹਾ ਕਰ ਰਿਹਾ ਹੈ ਪਰ ਲੋਕਾਂ ਨੇ ਨੁਕਤਾ ਉਠਾਉਂਦੇ ਹੋਏ ਕਿਹਾ ਕਿ 2021 ਦੇ ਸ਼ੁਰੂ ਵਿਚ ਕਈ ਈਮੇਲ ਵਿਚ ਗਰਾਹਮ ਨੇ ਇਕ ਡਾਕਟਰ ਦਾ ਨੋਟ ਮੁਹੱਈਆ ਕੀਤਾ ਕਿ ਉਸ ਨੂੰ ਡਾਕਟਰੀ ਕਾਰਨਾਂ ਕਰਕੇ ਸਿਗਰਟਨੋਸ਼ੀ ਦੀ ਲੋੜ ਹੈ। ਇਨ੍ਹਾਂ ਈਮੇਲ ਦੇ ਆਧਾਰ 'ਤੇ ਟ੍ਰਿਬਿਊਨਲ ਨੇ ਫ਼ੈਸਲਾ ਕੀਤਾ ਕਿ ਗਰਾਹਮ ਨੇ ਇਹ ਗੱਲ ਸਵੀਕਾਰ ਕਰ ਲਈ ਸੀ ਕਿ ਉਹ ਆਪਣੇ ਯੂਨਿਟ ਵਿਚ ਸਿਗਰਟਨੋਸ਼ੀ ਕਰ ਰਿਹਾ ਹੈ।




## ਨਸ਼ੇ ਨਾਲ ਮਰਨ ਵਾਲਾ ਹਰ ਵਿਅਕਤੀ ਖਾਸ ਤੇ ਮਹੱਤਵਪੂਰਣ ਸੀ-ਮੰਤਰੀ ਸ਼ੀਲਾ ਮੈਲਕਸਮਨ

ਵੈਨਕੂਵਰ-ਮਾਨਸਿਕ ਸਿਹਤ ਤੇ ਨਸ਼ਾਖੋਰੀ ਬਾਰੇ ਮੰਤਰੀ ਸ਼ੀਲਾ ਮੈਲਕਸਮਨ ਨੇ ਕਿਹਾ ਕਿ ਗੈਰਕਾਨੂੰਨੀ ਨਸ਼ਿਆ ਦੇ ਜ਼ਹਿਰੀਲੇਪਣ ਨਾਲ ਮਰਨ ਵਾਲਾ ਹਰ ਵਿਅਕਤੀ ਖਾਸ ਤੇ ਮਹੱਤਵਪੂਰਣ ਸੀ ਅਤੇ ਇਹ ਸਾਡੇ ਭਾਈਚਾਰਿਆਂ ਨੂੰ ਹੋਏ ਡੂੰਘੇ ਨੁਕਸਾਨ ਨੂੰ ਦਰਸਾਉਂਦਾ ਹੈ। ਉਹ ਹਰ ਉਸ ਵਿਅਕਤੀ ਲਈ ਹਮਦਰਦੀ ਦਾ ਪ੍ਰਗਟਾਵਾ ਕਰਦੀ ਹੈ ਜੋ ਇਸ ਸਮੇਂ ਸੋਗ ਮਨਾ ਰਿਹਾ ਹੈ। ਇਸ ਕਮੀ ਨੂੰ ਪੂਰਾ ਕਰਨ ਲਈ ਕੋਈ ਵੀ ਸ਼ਬਦ ਘੱਟ ਹਨ। ਪੈਰਾਮੈਡਿਕਸ, ਪੁਲਿਸ ਅਫਸਰ, ਹਮਰੁਤਬਾ ਤੇ ਹੋਰ ਫਰਸਟ ਰਿਸਪੌਂਡਰਜ਼ ਜ਼ਹਿਰੀਲੇ ਨਸ਼ਿਆਂ ਦੇ ਸੰਕਟ ਦੌਰਾਨ ਸਭ ਤੋਂ ਅੱਗੇ ਹੋ ਕੇ ਕੰਮ ਕਰ ਰਹੇ ਹਨ ਤੇ ਹਰ ਰੋਜ਼ ਜ਼ਿੰਦਗੀਆਂ ਬਚਾ ਰਹੇ ਹਨ ਅਤੇ ਸਾਡੀ ਸਰਕਾਰ ਉਨ੍ਹਾਂ ਦੇ ਇਸ ਬਹਾਦਰੀ ਭਰੇ ਕੰਮ ਲਈ ਤਹਿ ਦਿਲੋਂ ਧੰਨਵਾਦ ਕਰਦੀ ਹੈ।



## ਸਰੀ ਪੁਲਿਸ ਸਰਵਿਸ ਦੇ ਅਫਸਰ ਨੂੰ ਭਰੋਸੇ ਦੀ ਉਲੰਘਣਾ ਦੀ ਜਾਂਚ ਦਾ ਸਾਹਮਣਾ

ਸਰੀ-ਨਵੀਂ ਸਰੀ ਪੁਲਿਸ ਸਰਵਿਸ ਵਲੋਂ ਹਾਲ ਹੀ ਵਿਚ ਹਾਇਰ ਕੀਤੇ ਅਫਸਰ ਖਿਲਾਫ ਭਰੋਸੇ ਦੀ ਉਲੰਘਣਾ ਦੀ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਅਧਿਕਾਰੀ ਦਾ ਨਾਂਅ ਅਤੇ ਨਾ ਹੀ ਘਟਨਾ ਦੀ ਪ੍ਰਕਿਰਤੀ ਬਾਰੇ ਜਾਣਕਾਰੀ ਦਿੱਤੀ ਗਈ ਹੈ। ਅਫਸਰ ਜਿਸ ਨੂੰ ਮਈ ਮਹੀਨੇ ਸਰਵਿਸ ਨੇ ਹਾਇਰ ਕੀਤਾ ਸੀ ਨੇ ਸਰੀ ਵਿਚ ਆਰਸੀਐਮਪੀ ਦੀ ਥਾਂ ਲੈਣੀ ਸੀ। ਉਸ ਨੂੰ ਪੁਲਿਸ ਨੇ ਗ੍ਰਿਫਤਾਰ ਕਰਕੇ ਸ਼ਰਤਾਂ ਨਾਲ ਰਿਹਾਅ ਕੀਤਾ ਹੈ ਜਦਕਿ ਜਾਂਚ ਜਾਰੀ ਹੈ। ਸਰੀ ਪੁਲਿਸ ਸਰਵਿਸ ਦੇ ਬੁਲਾਰੇ ਇਆਨ ਮੈਕਡੋਨਾਲਡ ਨੇ ਕਿਹਾ ਕਿ ਫੋਰਸ ਪਾਰਦਰਸ਼ਤਾ ਦੇ ਹਿੱਤ ਵਿਚ ਜਾਣਕਾਰੀ ਜਾਰੀ ਕਰ ਰਹੀ ਹੈ। ਐਸਪੀਐਸ ਅਫਸਰ ਕਥਿਤ ਭਰੋਸੇ ਦੀ ਉਲੰਘਣਾ ਦੇ ਦੋਸ਼ ਦਾ ਸਾਹਮਣਾ ਕਰ ਰਿਹਾ ਹੈ ਪਰ ਦੋਸ਼ ਨੂੰ ਅਜੇ ਬੀਸੀ ਪ੍ਰੌਸੀਕਿਊਸ਼ਨ ਸਰਵਿਸ ਨੇ ਪ੍ਰਵਾਨਗੀ ਨਹੀਂ ਦਿੱਤੀ। ਉਸ ਨੇ ਦੱਸਿਆ ਕਿ ਪੁਲਿਸ ਕੰਪਲੇਂਟ ਕਮਿਸ਼ਨਰ ਨੂੰ ਵੀ ਜਾਣਕਾਰੀ ਦੇ ਦਿੱਤੀ ਗਈ ਹੈ। ਚੀਫ਼ ਕੰਸਟੇਬਲ ਨੋਰਮ ਲਿਪਿਨਸਕੀ ਨੇ ਜਾਂਚ ਚੱਲਣ ਤਕ ਤਨਖਾਹ ਸਮੇਤ ਅਫਸਰ ਨੂੰ ਮੁਅੱਤਲ ਕਰ ਦਿੱਤਾ ਹੈ ਅਤੇ ਇਹ ਜਾਂਚ ਸਰੀ ਆਰਸੀਐਮਪੀ ਵਲੋਂ ਕੀਤੀ ਜਾ ਰਹੀ ਹੈ।

## ਆਪ ਵਿਧਾਇਕ ਪਠਾਣਮਾਜਰਾ ਉਪਰ ਧੋਖੇ ਨਾਲ ਦੂਸਰਾ ਵਿਆਹ ਕਰਵਾਉਣ ਦੇ ਦੋਸ਼

ਜੀਰਕਪੁਰ-ਆਮ ਆਦਮੀ ਪਾਰਟੀ ਦੇ ਸਨੌਰ ਤੋਂ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ 'ਤੇ ਜ਼ੀਰਕਪੁਰ ਵਾਸੀ ਇਕ ਔਰਤ ਗੁਰਪ੍ਰੀਤ ਕੌਰ ਨੇ ਪਹਿਲੀ ਪਤਨੀ ਨੂੰ ਤਲਾਕ ਦਿੱਤੇ ਬਿਨਾਂ ਉਸ ਨਾਲ ਧੋਖੇ ਨਾਲ ਦੂਜਾ ਵਿਆਹ ਕਰਵਾਉਣ ਤੇ ਧਮਕੀਆਂ ਦੇਣ ਦਾ ਦੋਸ਼ ਲਾਉਂਦਿਆਂ ਸਥਾਨਕ ਪੁਲੀਸ ਥਾਣੇ ਵਿੱਚ ਸ਼ਿਕਾਇਤ ਦਰਜ ਕਰਵਾਈ ਹੈ। ਗੁਰਪ੍ਰੀਤ ਕੌਰ ਨੇ ਆਪਣੀ ਸ਼ਿਕਾਇਤ ਵਿੱਚ ਦੋਸ਼ ਲਾਇਆ ਕਿ ਉਸ ਦੇ ਲੰਘੇ ਕੁਝ ਸਾਲਾਂ ਤੋਂ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨਾਲ ਸਬੰਧ ਸਨ, ਜਿਸ ਨੇ ਕਥਿਤ ਤੌਰ 'ਤੇ ਝੂਠ ਬੋਲਿਆ ਸੀ ਕਿ ਪਹਿਲੀ ਪਤਨੀ ਨਾਲ ਤਲਾਕ ਹੋਣ ਮਗਰੋਂ ਉਹ ਹੁਣ ਵੱਖ ਰਹਿੰਦਾ ਹੈ। ਸ਼ਿਕਾਇਤਕਰਤਾ ਨੇ ਦੱਸਿਆ ਕਿ ਵਿਧਾਇਕ ਨੇ ਉਸ ਨਾਲ 14 ਅਗਸਤ 2021 ਵਿੱਚ ਲੁਧਿਆਣਾ ਵਿੱਚ ਵਿਆਹ ਕਰਵਾਇਆ ਸੀ। ਉਸ ਨੇ ਥਾਣੇ ਵਿੱਚ ਵਿਆਹ ਵੇਲੇ ਦੀ ਤਸਵੀਰ ਵੀ ਪੇਸ਼ ਕੀਤੀ। ਪੀੜਤਾ ਨੇ ਦੱਸਿਆ ਕਿ ਚੋਣਾਂ ਦੌਰਾਨ ਤਲਾਕ ਨਾ ਹੋਣ ਬਾਰੇ ਪਤਾ ਲੱਗਣ 'ਤੇ ਵਿਧਾਇਕ ਨੇ ਪਹਿਲੀ ਪਤਨੀ ਨੂੰ ਛੱਡ ਕੇ ਉਸ ਨਾਲ ਰਹਿਣ ਦਾ ਭਰੋਸਾ ਦੇ ਕੇ ਉਸ ਨੂੰ ਚੁੱਪ ਕਰਵਾ ਦਿੱਤਾ। ਚੋਣ ਜਿੱਤਣ ਮਗਰੋਂ ਪਠਾਣਮਾਜਰਾ ਆਪਣੇ ਵਾਅਦੇ ਤੋਂ ਮੁੱਕਰ ਗਿਆ ਤੇ ਉਸ ਨੂੰ ਧਮਕਾਉਣਾ ਤੇ ਕੁੱਟਮਾਰ ਸ਼ੁਰੂ ਕਰ ਦਿੱਤੀ। ਇਸ ਦੌਰਾਨ ਉਸ ਨੇ ਦੋਸ਼ ਲਾਇਆ ਕਿ 15 ਅਗਸਤ ਤੋਂ ਪਹਿਲਾਂ ਵਿਧਾਇਕ ਨੇ ਜ਼ੀਰਕਪੁਰ ਆ ਕੇ ਵੀ ਉਸ ਨੂੰ ਧਮਕਾਇਆ ਸੀ। ਜ਼ੀਰਕਪੁਰ ਦੇ ਥਾਣਾ ਮੁਖੀ ਇੰਸਪੈਕਟਰ ਦੀਪਇੰਦਰ ਸਿੰਘ ਬਰਾੜ ਨੇ ਔਰਤ ਵੱਲੋਂ ਵਿਧਾਇਕ ਖ਼ਿਲਾਫ਼ ਦਿੱਤੀ ਸ਼ਿਕਾਇਤ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਮਾਮਲੇ ਦੀ ਪੜਤਾਲ ਕੀਤੀ ਜਾ ਰਹੀ ਹੈ। ਪੜਤਾਲ ਮਗਰੋਂ ਹੀ ਕੁਝ ਕਿਹਾ ਜਾ ਸਕਦਾ ਹੈ।





## ਅਲਬਰਟਾ 'ਚ ਆ ਕੇ ਵਸਣ ਦਾ ਸੱਦਾ ਦੇਣ ਲਈ ਕੈਨੀ ਵਲੋਂ ਨਵੀਂ ਇਸ਼ਤਿਹਾਰੀ ਮੁਹਿੰਮ

ਐਡਮਿੰਟਨ-ਜ਼ਿਆਦਾ ਕਿਫਾਇਤੀ ਘਰਾਂ ਤੇ ਜ਼ਿਆਦਾ ਤਨਖਾਹਾਂ ਦੀ ਸ਼ੇਖੀ ਮਾਰਦੇ ਹੋਏ ਅਲਬਰਟਾ ਦੇ ਪ੍ਰੀਮੀਅਰ ਜੈਸਨ ਕੈਨੀ ਇਕ ਨਵੀਂ ਇਸ਼ਤਿਹਾਰੀ ਮੁਹਿੰਮ ਨਾਲ ਅੰਤਰ ਸੂਬਾ ਪ੍ਰਵਾਸ ਦੀ ਲਹਿਰ ਨੂੰ ਉਲਟਾ ਗੇੜ ਦੇਣ ਦੀ ਕੋਸ਼ਿਸ਼ ਕਰ ਰਹੇ ਹਨ। ਕੈਨੀ ਨੂੰ ਕੈਨੇਡੀਅਨਾਂ ਖਾਸਕਰ ਵੈਨਕੂਵਰ ਤੇ ਟੋਰਾਂਟੋ ਵਿਚ ਰਹਿਣ ਵਾਲੇ ਕੈਨੇਡੀਅਨਾਂ ਨੂੰ ਕਿਫਾਇਤੀ ਘਰਾਂ ਤੇ ਘੱਟ ਟੈਕਸਾਂ ਨਾਲ ਆਪਣੇ ਸੂਬੇ ਵਿਚ ਲਿਆਉਣ ਲਈ ਆਸ ਨਾਲੋਂ ਔਖੀ ਗੱਲ ਲੱਗ ਸਕਦੀ ਹੈ। ਸੋਮਵਾਰ ਕੈਨੀ ਨੇ 26 ਲੱਖ ਡਾਲਰ ਦੀ ਅਲਬਰਟਾ ਕਾਲਿੰਗ ਇਸ਼ਤਿਹਾਰੀ ਮੁਹਿੰਮ ਸੁਰੂ ਕੀਤੀ ਜਿਸ ਵਿਚ ਅਲਬਰਟਾ ਵਿਚ ਵੱਧ ਰਹੀ ਜੌਬ ਮਾਰਕੀਟ, ਕੈਨੇਡਾ ਦੀਆਂ ਸਭ ਤੋਂ ਵੱਧ ਔਸਤਨ ਤਨਖਾਹਾਂ, ਐਡਮਿੰਟਨ ਤੇ ਕੈਲਗਰੀ ਵਿਚ ਡੀਟੈਚਡ ਘਰਾਂ ਦੀਆਂ ਕੀਮਤਾਂ ਜਿਹੜੀਆਂ ਵੈਨਕੂਵਰ ਜਾਂ ਟੋਰਾਂਟੋ ਨਾਲੋਂ ਇਕ ਤਿਹਾਈ ਹਨ ਅਤੇ ਕੰਮ ਲਈ ਥੋੜਾ ਸਫਰ ਕਰਨ ਵਰਗੇ ਲਾਭ ਗਿਣਾਏ ਗਏ ਹਨ ਪਰ ਜੌਬ ਇੰਪਲਾਈਮੈਂਟ ਰਿਕਰੂਟਰ ਹੈਨਰੀ ਗੋਲਡਬੇਕ ਨੇ ਕਿਹਾ ਕਿ ਉਸ ਨੂੰ ਅਲਬਰਟਾ ਵਿਚ ਅਸਾਮੀਆਂ ਨੂੰ ਭਰਨਾ ਮੁਸ਼ਕਿਲ ਹੋਵੇਗਾ। ਗੋਲਡਬੇਕ ਨੇ ਕਿਹਾ ਕਿ ਇਹ ਆਮ ਗੱਲ ਹੈ ਕਿ ਅਸੀਂ ਲੋਕ ਅਲਬਰਟਾ ਤੋਂ ਬੀਸੀ ਜਾਂਦੇ ਹਾਂ। ਜੇਕਰ ਉਹ ਦੋਵਾਂ ਸੂਬਿਆਂ ਵਿਚ ਇਕੋ ਜਿਹੇ ਅਹੁਦਿਆਂ ਲਈ ਭਰਤੀ ਕਰ ਰਿਹਾ ਹੈ ਤਾਂ ਅਲਬਰਟਾ ਤੋਂ ਬਾਹਰੋਂ ਲੋਕਾਂ ਨੂੰ ਭਰਤੀ ਕਰਨਾ ਔਖਾ ਹੋਵੇਗਾ। ਸਟੈਟਿਕਸ ਕੈਨੇਡਾ ਮੁਤਾਬਿਕ ਹੁਣ ਤਕ ਤਾਂ ਅਲਬਰਟਾ ਤੋਂ ਲੋਕ ਬੀਸੀ ਵਿਚ ਆ ਕੇ ਵਸਦੇ ਰਹੇ ਹਨ। ਅੰਤਰ ਸੂਬਾ ਪ੍ਰਵਾਸ ਦੇ ਮਾਮਲੇ ਵਿਚ 2021 ਵਿਚ ਬੀਸੀ ਕੈਨੇਡਾ ਦਾ ਚੋਟੀ ਦਾ ਸੂਬਾ ਰਿਹਾ ਹੈ ਅਤੇ ਬੀਸੀ ਤੋਂ ਅਲਬਰਟਾ ਜਾਣ ਵਾਲੇ ਲੋਕਾਂ ਨਾਲੋਂ ਅਲਬਰਟਾ ਤੋਂ ਬੀਸੀ ਜਾਣ ਵਾਲੇ ਲੋਕਾਂ ਦੀ ਗਿਣਤੀ 15856 ਤੋਂ ਵੀ ਜ਼ਿਆਦਾ ਰਹੀ ਹੈ।

DAY AND NIGHT LABOUR LTD.

ਗਰੀਨ ਹਾਊਸ ਵਰਕਰਾਂ ਦੀ ਲੋੜ



- ਸਾਨੂੰ ਗਰੀਨ ਹਾਊਸ ਵਿਚ ਗਰੇਡਿੰਗ ਅਤੇ ਪੈਕਿੰਗ ਕਰਨ ਲਈ ਵਰਕਰਾਂ ਦੀ ਲੋੜ ਹੈ।
- ਸਿਰਫ ਕੈਨੇਡੀਅਨ ਸਿਟੀਜ਼ਨ, ਪੀ.ਆਰ. ਹੋਲਡਰ ਅਤੇ ਓਪਨ ਵਰਕ ਪਰਮਿਟ ਵਾਲੇ ਹੀ ਸੰਪਰਕ ਕਰਨ।
- ਵਧੀਆ ਤਨਖਾਹ ਦਿੱਤੀ ਜਾਵੇਗੀ।
- ਸਰੀ, ਡੈਲਟਾ ਤੋਂ ਘਰੋਂ ਲਿਜਾਣ ਅਤੇ ਛੱਡਣ ਲਈ ਫਰੀ ਰਾਈਡ ਦਾ ਪ੍ਰਬੰਧ।
- ਸਾਨੂੰ ਨਰਸਰੀ ਵਰਕਰਾਂ ਦੀ ਵੀ ਲੋੜ ਹੈ।

ਅੱਜ ਹੀ ਸੰਪਰਕ ਕਰੋ:

ਸੰਨੀ ਸੰਧਰ 604-727-2421

ਸੰਪਾਦਕੀ

# ਆਜ਼ਾਦੀ ਦਿਵਸ ਤੇ ਹਰ ਘਰ ਤਿਰੰਗਾ ਦੀ ਖੇਡ...

**ਸੁਖਵਿੰਦਰ ਸਿੰਘ ਚੋਹਲਾ**

ਇਸ 15 ਅਗਸਤ ਨੂੰ ਭਾਰਤ ਦਾ 75ਵਾਂ ਆਜਾਦੀ ਦਿਵਸ ਮਨਾਇਆ ਗਿਆ ਹੈ। ਅੰਗੇਰਜ਼ ਹਕੂਮਤ ਦੀ 200 ਸਾਲ ਦੀ ਗੁਲਾਮੀ ਤੋਂ ਛੁਟਕਾਰਾ ਪਾਉਣ ਲਈ ਭਾਰਤੀਆਂ ਨੂੰ ਵੱਡੀਆਂ ਕੁਰਬਾਨੀਆਂ ਦੇਣੀਆਂ ਪਈਆਂ। ਜਾਤਾਂ, ਧਰਮਾਂ ਤੇ ਖੇਤਰਾਂ ਵਿਚ ਵੰਡੇ ਹੋਣ ਦੇ ਬਾਵਜੂਦ ਆਜਾਦੀ ਦੀ ਲੜਾਈ ਲਈ ਲੋਕ ਇਕਮੁੱਠ ਹੋਏ ਤੇ ਸਾਂਝੀ ਜਿੱਤ ਪ੍ਰਾਪਤ ਕੀਤੀ। ਭਾਵੇਂ ਇਸ ਦੌਰਾਨ ਵਿਦੇਸ਼ੀ ਹਾਕਮ ਅਤੇ ਸੱਤਾ ਦੇ ਲਾਲਚੀ ਆਗੂ ਆਪਣੇ ਨਾਪਾਕ ਮਨਸੂਬਿਆਂ ਵਿਚ ਵੀ ਸਫਲ ਹੋਏ ਤੇ ਦੇਸ਼ ਨੂੰ ਦੋ ਟੋਟਿਆਂ ਵਿਚ ਵੰਡੇ ਜਾਣ ਦੇ ਵੱਡੇ ਸੰਤਾਪ ਦੇ ਰੂਬਰੂ ਹੋਣਾ ਪਿਆ। ਵੰਡ ਕਾਰਣ ਫਿਰਕੂ ਨਫਰਤ ਨੇ ਲੱਖਾਂ ਲੋਕਾਂ ਦੀਆਂ ਜਾਨਾਂ ਲੈ ਲਈਆਂ ਤੇ ਕਰੋੜਾਂ ਲੋਕ ਘਰੋ ਬੇਘਰ ਹੋ ਗਏ। ਵੰਡ ਦਾ ਸਭ ਤੋਂ ਵੱਡਾ ਸੰਤਾਪ ਪੰਜਾਬ ਤੇ ਬੰਗਾਲ ਦੇ ਲੋਕਾਂ ਨੂੰ ਸਹਿਣ ਕਰਨਾ ਪਿਆ। ਜਿਹਨਾਂ ਨੇ ਆਜਾਦੀ ਦੀ ਲੜਾਈ ਵਿਚ ਵੀ ਸਭ ਤੋਂ ਵੱਧ ਯੋਗਦਾਨ ਪਾਇਆ ਤੇ ਉਹਨਾਂ ਨੂੰ ਹੀ ਇਸ ਆਜਾਦੀ ਦੀ ਵੱਡੀ ਕੀਮਤ ਅਦਾ ਕਰਨੀ ਪਈ। ਭਾਰੀ ਜਾਨੀ ਮਾਲੀ ਦੇ ਨੁਕਸਾਨ ਦੇ ਬਾਵਜੂਦ ਲੋਕਾਂ ਨੇ ਦਿਲਾਂ ਤੇ ਪੱਥਰ ਰਖਦਿਆਂ ਨਵੇਂ ਆਜਾਦ ਹੋਏ ਮੁਲਕ ਦੇ ਸੋਹਣੇ ਭਵਿਖ ਦੀ ਕਾਮਨਾ ਕਰਦਿਆਂ ਕਮਰਕੱਸੇ ਕਰ ਲਏ। ਲੋਕ ਤਨਦੇਹੀ ਨਾਲ ਤੁਰੇ ਕਿ ਆਜਾਦ ਮੁਲਕ ਵਿਚ ਇਕ ਖੁਸ਼ਹਾਲ ਭਵਿੱਖ ਦੇ ਨਾਲ ਉਹ ਆਜਾਦੀ ਦਾ ਨਿੱਘ ਵੀ ਮਾਣ ਸਕਣਗੇ।

ਪਰ ਅੱਜ ਇਸ ਆਜਾਦ ਮੁਲਕ ਦੀ ਜੋ ਤਸਵੀਰ ਸਾਡੇ ਸਾਹਮਣੇ ਹੈ, ਸ਼ਾਇਦ ਦੇਸ਼ ਤੋਂ ਆਪਾ ਨਿਛਾਵਰ ਕਰਨ ਵਾਲੇ ਕ੍ਰਾਂਤੀਕਾਰੀ ਆਗੂਆਂ ਨੇ ਕਦੇ ਵੀ ਨਹੀ ਸੋਚਿਆ ਹੋਵੇਗਾ। ਅੱਜ ਆਜਾਦੀ ਦੇ 75 ਸਾਲ ਬੀਤੇ ਜਾਣ ਦੇ ਬਾਦ ਵੀ ਕਰੋੜਾਂ ਲੋਕ ਬੁਨਿਆਦੀ ਸਹੂਲਤਾਂ ਤੋਂ ਸੱਖਣੇ ਹਨ। ਅਮੀਰ ਗਰੀਬ ਦਾ ਪਾੜਾ ਦਿਨ ਬਦਿਨ ਵਧਾ ਜਾ ਰਿਹਾ ਹੈ। ਗਰੀਬੀ, ਬੇਰੁਜਗਾਰੀ ਤੇ ਭੁੱਖਮਰੀ ਜਿਥੇ ਅੱਜ ਵੀ ਵਿਕਰਾਲ ਰੂਪੀ ਧਾਰੀ ਬੈਠੀ ਉਥੇ ਸਿੱਖਿਆ ਤੇ ਬੁਨਿਆਦੀ ਸਿਹਤ ਸਹਲੂਤਾਂ ਨੂੰ ਲੋਕ ਤਰਸ ਰਹੇ ਹਨ।

ਆਜਾਦੀ ਜਸ਼ਨਾਂ ਨਾਲ ਮੁਲਕ ਨੂੰ ਦੁਨੀਆ ਦੇ ਵਿਕਸਿਤ ਮੁਲਕਾਂ ਦੇ ਬਰਾਬਰ ਖੜਾ ਕਰਨ ਦੇ ਦਾਅਵੇਦਾਰ, ਸਾਲ ਪਹਿਲਾਂ ਕੋਵਿਡ ਮਹਾਂਮਾਰੀ ਦੌਰਾਨ ਮੁਲਕ ਦੇ ਕਰੋੜਾਂ ਲੋਕਾਂ ਨੇ ਜੋ ਕੁਝ ਸਹਿਣ ਕੀਤਾ, ਸ਼ਾਇਦ ਉਹ ਸਭ ਭੁਲ ਗਏ ਹਨ। ਕੋਵਿਡ ਮਹਾਂਮਾਰੀ ਦੇ ਸ਼ੁਰੂ ਹੁੰਦਿਆਂ ਮਾਰਚ ਮਹੀਨੇ ਵਿਚ ਕੇਵਲ ਚਾਰ ਘੰਟਿਆਂ ਦੇ ਨੋਟਿਸ ਉਪਰ ਮੁਲਕ ਵਿਚ ਲਾਕਡਾਊਨ ਦਾ ਐਲਾਨ ਕਰਨ ਵਾਲੇ ਆਗੂ ਲੱਖਾਂ ਪਰਵਾਸੀ ਮਜ਼ਦੂਰਾਂ ਨੂੰ ਸੜਕਾਂ ਤੇ ਪੈਦਲ ਚਲਦਿਆਂ ਤੇ ਮਰਦਿਆਂ ਵੇਖਣ ਦੇ ਬਾਵਜੂਦ ਲੋਕਾਂ ਨੂੰ ਕਰੋਨਾ ਮਹਾਂਮਾਰੀ ਨਾਲ ਲੜਨ ਲਈ ਕੜਛੀਆਂ ਥਾਲੀਆਂ ਖੜਕਾਉਣ ਦੇ ਸੱਦੇ ਦਿੰਦੇ ਰਹੇ।

ਵਿਸ਼ਵ ਵਿਚ ਸਭ ਤੋਂ ਪਹਿਲਾਂ ਕਰੋਨਾ ਮਹਾਂਮਾਰੀ ਉਪਰ ਫਤਹਿ ਪਾਉਣ ਅਤੇ ਕੋਵਿਡ ਵੈਕਸੀਨ ਦੇ ਉਤਪਾਦਨ ਲਈ ਦੁਨੀਆਂ ਸਾਹਵੇ ਖੁਦ ਨੂੰ ਵੱਡੇ ਦਾਨੀ ਪੇਸ਼ ਕਰਨ ਵਾਲੇ



ਆਗੂਆਂ ਨੂੰ ਆਖਰ ਮੁਲਕ ਦੀ ਤਰਸਯੋਗ ਹਾਲਤ ਸਾਹਵੇਂ ਦੇਸ਼ ਵਾਸੀਆਂ ਤੋਂ ਮੁਆਫੀ ਵੀ ਮੰਗਣੀ ਪਈ। ਅੰਕੜੇ ਬੋਲਦੇ ਹਨ ਕਿ ਭਾਰਤ ਨੂੰ ਮਹਾਂਸ਼ਕਤੀ ਬਣਾਉਣ ਦੇ ਦਾਅਵਿਆਂ ਦਰਮਿਆਨ ਸੱਚਾਈ ਇਹ ਹੈ ਕਿ 2020-21 ਦੌਰਾਨ ਮੁਲਕ ਦੀ ਕੁਲ ਘਰੇਲੂ ਉਤਪਾਦਨ (ਜੀਡੀਪੀ) ਦੀ ਵਿਕਾਸ ਦਰ 23 ਪ੍ਰਤੀਸ਼ਤ ਹੇਠਾਂ ਸਰਕ ਚੁੱਕੀ ਹੈ। ਅਮੀਰ-ਗਰੀਬ ਦਾ ਪਾੜਾ ਲਗਾਤਾਰ ਵਧ ਰਿਹਾ ਹੈ। ਮੁਲਕ ਦੀ ਕੁਲ ਆਬਾਦੀ ਦਾ 10 ਪ੍ਰਤੀਸ਼ਤ ਹਿੱਸਾ ਮੁਲਕ ਦੀ ਕੁਲ ਆਮਦਨ ਅਤੇ ਜਾਇਦਾਦ ਦੇ 57 ਪ੍ਰਤੀਸ਼ਤ ਹਿੱਸੇ ਉਪਰ ਕਾਬਜ਼ ਹੈ। ਦੇਸ਼ ਦਾ ਇਕ ਪ੍ਰਤੀਸ਼ਤ ਕਲੀਨ ਵਰਗ ਕੁਲ ਜਾਇਦਾਦ ਦਾ 22 ਪ੍ਰਤੀਸ਼ਤ ਹਿੱਸਾ ਦੱਬੀ ਬੈਠਾ ਹੈ। ਦੇਸ਼ ਦੀ ਲੋਕਾਂ ਨੂੰ ਪ੍ਰਾਪਤ ਬੁਨਿਆਦੀ ਸਹੂਲਤਾਂ ਬਾਰੇ ਇਸ ਗੱਲ ਤੋ ਸਹਿਜੇ ਅੰਦਾਜਾ ਲਗਾਇਆ ਜਾ ਸਕਦਾ ਹੈ ਕਿ 1 ਅਰਬ 20 ਕਰੋੜ ਦੀ ਆਬਾਦੀ ਚੋ ਅੱਧੀ ਵਸੋ ਅੱਜ ਵੀ ਖੁੱਲੇ ਅਸਮਾਨ ਹੇਠ ਹਾਜਤ ਲਈ ਮਜ਼ਬੂਰ ਹੈ। ਹਾਸੋਹੀਣੀ ਗੱਲ ਇਹ ਵੀ ਹੈ ਕਿ ਮੁਲਕ ਦੇ 60 ਪ੍ਰਤੀਸ਼ਤ ਘਰਾਂ ਵਿਚ ਫੋਨ ਤਾਂ ਹੈ ਪਰ ਟਾਇਲਟ ਨਹੀ। ਮੁਲਕ ਵਿਚ ਬੇਰੁਜਗਾਰੀ ਦੀ ਦਰ ਛਲਾਂਗਾਂ ਮਾਰ ਰਹੀ ਹੈ। ਜੂਨ 2022 ਵਿਚ ਮੁਲਕ ਵਿਚ ਬੇਰੁਜਗਾਰੀ ਦੀ ਦਰ 7.8 ਪ੍ਰਤੀਸ਼ਤ ਦੱਸੀ ਗਈ ਹੈ। ਦੇਸ਼ ਵਿਚ 20 ਤੋਂ 24 ਸਾਲ ਉਮਰ ਵਰਗ ਦੇ ਨੌਜਵਾਨਾਂ ਵਿਚ ਬੇਰੁਜਗਾਰੀ ਦਰ 43.7 ਪ੍ਰਤੀਸ਼ਤ ਹੈ। ਦਰਾਮਦ-ਬਰਾਮਦਾਂ ਵਿਚ ਵੱਡੀ ਗਿਰਾਵਟ ਤੋਂ ਇਲਾਵਾ ਡਾਲਰ ਦੇ ਮੁਕਾਬਲੇ ਰੁਪਏ ਦੀ ਕੀਮਤ ਵਿਚ ਇਤਿਹਾਸਕ ਗਿਰਾਵਟ ਦਰਜ ਕੀਤੀ ਗਈ ਹੈ। ਮੁਲਕ ਵਿਚ ਕਰੋੜਾਂ ਲੋਕ ਅਜਿਹੇ ਹਨ ਜੋ ਰੋਜਾਨਾ 2 ਡਾਲਰ ਤੋਂ ਵੀ ਘੱਟ ਆਮਦਨ ਨਾਲ ਘਰ ਦਾ ਗੁਜਾਰਾ ਕਰਦੇ ਹਨ।

ਦੇਸ਼ ਵੱਡੇ ਆਰਥਿਕ ਸੰਕਟ ਚੋ ਗੁਜ਼ਰ ਰਿਹਾ ਹੈ ਪਰ ਸੱਤਾਧਾਰੀ ਪਾਰਟੀ ਤੇ ਪ੍ਰਧਾਨ ਮੰਤਰੀ ਦੇਸ਼ ਨੂੰ ਮਹਾਨ ਬਣਾਉਣ ਦੇ ਦਾਅਵੇ ਕਰਦੇ ਨਹੀ ਥੱਕਦੇ।ਸੱਤਾਧਾਰੀ ਪਾਰਟੀ ਮੁਲਕ ਸਾਹਵੇਂ ਬੁਨਿਆਦੀ ਸਮੱਸਿਆਵਾਂ ਦਾ ਹੱਲ ਲੱਭਣ ਦੀ ਬਿਜਾਏ ਲੋਕਾਂ ਨੂੰ ਫਿਰਕੂ ਆਧਾਰ ਤੇ ਵੰਡਣ ਦੀਆਂ ਕੋਸ਼ਿਸ਼ਾਂ ਵਿਚ ਲੱਗੀ ਹੋਈ ਹੈ। ਬਹੁਗਿਣਤੀ ਫਿਰਕੇ ਦੀ ਖੈਰਖੁਆਹ ਹੋਣ ਦਾ ਦਾਅਵਾ ਕਰਦਿਆਂ ਮੁਸਲਿਮ ਤੇ ਘੱਟ ਗਿਣਤੀਆਂ ਪ੍ਰਤੀ ਨਫਰਤ ਦੀ ਲਹਿਰ ਨੂੰ ਹਵਾ ਦੇਣ ਦੇ ਯਤਨ ਹੋ ਰਹੇ ਹਨ। ਜੰਮੂ ਕਸ਼ਮੀਰ ਰਾਜ ਦਾ ਵਿਸ਼ੇਸ਼ ਦਰਜ ਖਤਮ ਕੀਤੇ ਜਾਣ ਤੋਂ ਬਾਦ ਨਾਗਰਿਕਤਾ ਸੋਧ ਬਿਲ ਨੂੰ ਕੇਵਲ ਧਰਮ ਦੇ ਆਧਾਰ ਤੇ ਲੈਕੇ ਆਉਣ ਮੁਲਕ ਦੇ ਧਰਮ ਨਿਰਪੱਖ ਸੰਵਿਧਾਨ ਦਾ ਸਰੂਪ ਬਦਲਣ ਦਾ ਕੋਝਾ ਯਤਨ ਕਿਹਾ ਜਾ ਸਕਦਾ ਹੈ।

ਮੁਲਕ ਵਿਚ ਜਾਤ ਤੇ ਧਰਮ ਦੀ ਸਿਆਸਤ ਰਾਹੀਂ ਭਗਵਾਂ ਪਾਰਟੀ ਦੀ ਮਜ਼ਬੂਤੀ ਤਲਾਸ਼ਣ ਵਾਲੇ ਲੋਕ ਆਜਾਦੀ ਦਿਵਸ ਨੂੰ ਵੀ ਫਿਰਕੂ ਆਧਾਰ ਦੇ ਵੰਡਣ ਤੋਂ ਗੁਰੇਜ਼ ਨਹੀ ਕਰ ਰਹੇ। ਦੇਸ਼ ਦੇ 75ਵੇ ਆਜਾਦੀ ਦਿਵਸ ਨੂੰ ਮਨਾਉਣ ਲਈ ਪ੍ਰਧਾਨ ਮੰਤਰੀ ਵਲੋਂ ਹਰ ਘਰ ਤਿਰੰਗਾ ਦੀ ਮੁਹਿੰਮ ਦਾ ਐਲਾਨ ਕੀਤਾ ਗਿਆ ਹੈ। ਭਗਵਾਂ ਪਾਰਟੀ ਵਲੋਂ ਪ੍ਰਧਾਨ ਮੰਤਰੀ ਦੇ ਇਸ ਸੱਦੇ ਨੂੰ ਦੋ ਫਿਰਕਿਆਂ ਵਿਚ ਵੰਡ ਦੀ ਦੀਵਾਰ ਨੂੰ ਉਚੀ ਤੇ ਮਜਬੂਤ ਕਰਨ ਦਾ ਢੰਗ ਤਲਾਸ਼ੇ ਜਾ ਰਹੇ ਹਨ। ਉਹਨਾਂ ਦਾ ਕਹਿਣਾ ਹੈ ਕਿ ਆਪਣੇ ਘਰਾਂ ਉਪਰ ਤਿਰੰਗਾ ਨਾ ਲਗਾਉਣ ਵਾਲੇ ਲੋਕ ਗੱਦਾਰਾਂ ਦੀ ਸੂਚੀ ਵਿਚ ਸ਼ਾਮਿਲ ਕੀਤੇ ਜਾਣਗੇ। ਰੋਟੀ ਤੋ ਆਤੁਰ ਲੋਕਾਂ ਨੂੰ ਤਿਰੰਗਾ ਖਰੀਦਣ ਲਈ ਮਜ਼ਬੂਰ ਕੀਤਾ ਜਾ ਰਿਹਾ ਹੈ। ਸਮਝਿਆ ਜਾ ਸਕਦਾ ਹੈ ਕਿ ਮੁਲਕ ਦੀ ਸੱਤਾਧਾਰੀ ਪਾਰਟੀ ਆਪਣੀਆਂ ਨਾਕਾਮੀਆਂ ਨੂੰ ਛੁਪਾਉਣ ਲਈ ਤਿਰੰਗੇ ਦੇ ਨਾਮ ਉਪਰ ਇਕ ਨਵੀ ਰਾਜਨੀਤਕ ਖੇਡ ਵਿਚ ਲੋਕਾਂ ਨੂੰ ਉਲਝਾਉਣ ਦੇ ਯਤਨ ਕਰ ਰਹੀ ਹੈ। ਤਿਰੰਗੇ ਦੀ ਇਸ ਖੇਡ ਵਿਚ ਕੁਝ ਲੋਕ ਹਰੇ, ਬਸੰਤੀ ਤੇ ਨੀਲੇ ਨਿਸ਼ਾਨਾਂ ਵਿਚ ਉਲਝਦੇ ਹੋਏ ਹਾਕਮਾਂ ਦੀ ਚਾਲ ਦਾ ਹਿੱਸਾ ਬਣਦੇ ਵੀ ਨਜ਼ਰ ਆਉਣ ਲੱਗੇ ਹਨ।

ਇਸ ਮੌਕੇ ਮੁਲਕ ਦੇ ਜਾਗਰੁਕ ਲੋਕਾਂ ਤੇ ਅਗਾਂਹਵਧੂ ਤਨਜੀਮਾਂ ਦੀ ਜਿੰਮੇਵਾਰੀ ਹੈ ਕਿ ਉਹ ਹਾਕਮ ਧਿਰ ਵਲੋਂ ਤਿਰੰਗਿਆਂ ਤੇ ਝੰਡਿਆਂ ਦੀ ਇਸ ਛਲਾਵਾ ਰਾਜਨੀਤੀ ਤੋ ਲੋਕਾਂ ਨੂੰ ਜਾਣੂ ਕਰਵਾਉਣ। ਆਜਾਦੀ ਦੀ ਲੜਾਈ ਦੇ ਅਸਲ ਰਾਹਨੁਮਾਂ ਤੇ ਕ੍ਰਾਂਤੀਕਾਰੀਆਂ ਵਲੋ ਲਏ ਗਏ ਸੁਪਨੇ ਅੱਜ ਵੀ ਅਧੂਰੇ ਹਨ। ਆਜਾਦੀ ਦਿਵਸ ਮੌਕੇ ਅੱਜ ਲੋੜ ਹੈ ਤਿਰੰਗਿਆਂ ਦੀ ਖੇਡ ਵਿਚ ਉਲਝਣ ਦੀ ਥਾਂ ਸ਼ਹੀਦਾਂ ਦੇ ਸੁਪਨਿਆਂ ਦੀ ਨਿਸ਼ਾਨਦੇਹੀ ਕਰੀਏ ਤੇ ਵੋਟ ਰਾਜਨੀਤੀ ਰਾਹੀ ਹਾਕਮ ਬਣ ਬੈਠੇ ਜਨ ਸੇਵਕਾਂ ਦੀ ਅਸਲੀਅਤ ਪਛਾਣੀਏ...











# 50 ਕਿਸਮ ਦੇ ਜੀਵੰਤ ਤੇ ਉੱਚੇ ਫੁੱਲਾਂ ਨਾਲ ਖੁੱਲ੍ਹਿਆ ਚਿਲੀਵੈਕ ਸਨਫਲਾਵਰ ਫੈਸਟੀਵਲ



ਸਰੀ-ਚਿਲੀਵੈਕ ਵਿਚ ਹਜ਼ਾਰਾਂ ਉੱਚੇ ਸੂਰਜਮੁਖੀ ਨਾਲ ਭਰੇ ਖੇਤਾਂ ਨੂੰ ਦਰਸ਼ਕਾਂ ਦੇ ਦੇਖਣ ਲਈ ਖੋਲ੍ਹਿਆ ਗਿਆ ਹੈ।

ਚਿਲੀਵੈਕ ਸਨਫਲਾਵਰ ਦਾ ਪੰਜਵਾਂ ਸਾਲਾਨਾ ਫੈਸਟੀਵੈਲ 10 ਅਗਸਤ ਨੂੰ ਸ਼ੁਰੂ ਹੋਇਆ ਸੀ ਅਤੇ ਇਹ 5 ਸਤੰਬਰ ਤਕ ਚੱਲੇਗਾ। ਰਾਇਲਵੱਡ ਡਰਾਈਵ ਵਿਖੇ ਸਥਿਤ ਫੈਸਟੀਵਲ ਚਿਲੀਵੈਕ ਟਿਊਲਪ ਫੈਸਟੀਵਲ ਦੀ ਵੀ ਥਾਂ ਹੈ। ਸਹਿ-ਸੰਸਥਾਪਕੀ ਕੇਟ ਓਨੋਸ ਗਿਲਬਰਟ ਨੇ ਕਿਹਾ ਕਿ ਉਹ ਬਹੁਤ ਖੁਸ਼ ਹੈ ਕਿ ਸਨਫਲਾਵਰ ਫੈਸਟੀਵਲ ਆਪਣੇ ਪੰਜਵੇਂ ਮਹਾਨ ਸਾਲ ਵਿਚ ਦਾਖਲ ਹੋ ਰਿਹਾ ਹੈ। ਇਹ ਇਸ ਖੇਤਰ ਵਿਚ ਤੇਜ਼ੀ ਨਾਲ ਮੱਧ ਗਰਮੀਆਂ ਦੀ ਪ੍ਰੰਪਰਾ ਬਣ ਗਿਆ ਹੈ ਜਿਵੇ ਬਸੰਤ ਦੇ ਮੌਸਮ ਵਿਚ ਟਿਊਲਪ ਫੈਸਟੀਵਲ ਬਣ ਗਿਆ ਹੈ। ਅਸੀਂ ਅਨੁਮਾਨ ਲਗਾ ਰਹੇ ਹਾਂ ਕਿ ਇਹ ਹੁਣ ਤਕ ਦਾ ਸਭ ਤੋਂ ਵੱਡਾ ਤੇ ਵਧੀਆ ਮੇਲਾ ਹੋਵੇਗਾ। ਇਹ ਮੇਲਾ ਸੈਂਕੜੇ ਲੋਕਾਂ ਨੂੰ ਮੈਦਾਨ ਵੱਲ ਖਿੱਚਦਾ ਹੈ ਜਿਥੇ ਵੱਖ ਵੱਖ ਕਿਸਮ ਦੇ ਫੁੱਲ ਲਗਾਏ ਗਏ ਹਨ।

# ਬੱਚੇ ਨੂੰ ਅਗਵਾ ਕਰਨ ਦੀ ਸੰਭਾਵਤ ਕੋਸ਼ਿਸ਼ ਸੰਬੰਧੀ ਜਾਂਚ ਜਾਰੀ

ਐਬਟਸਫੋਰਡ-ਪੁਲਿਸ ਐਬਟਸਫੋਰਡ ਵਿਚ ਬੱਚੇ ਨੂੰ ਸੰਭਾਵਤ ਅਗਵਾ ਕਰਨ ਦੀ ਕੋਸ਼ਿਸ਼ ਦੀ ਜਾਂਚ ਕਰ ਰਹੀ ਹੈ। ਪੁਲਿਸ ਨੂੰ ਮੈਪਲ ਸਟਰੀਟ ਦੇ 2700 ਬਲਾਕ ਵਿਚ ਸੋਮਵਾਰ ਰਾਤ 9 ਵਜੇ ਬੱਚੇ ਨੂੰ ਸੰਭਾਵਤ ਅਗਵਾ ਕਰਨ ਕਾਰਨ ਬੁਲਾਇਆ ਗਿਆ ਸੀ। ਐਬਟਸਫੋਰਡ ਵਿਚ ਇਹ ਰਿਪੋਰਟ ਮਿਲਣ ਕਿ ਇਕ ਵਿਅਕਤੀ ਨੇ ਗਰਾਊਂਡ ਫਲੋਰ ਦੀ ਤਾਕੀ ਰਾਹੀਂ ਚੜ੍ਹ ਕੇ ਘਰ ਅੰਦਰੋਂ ਇਕ ਬੱਚੇ ਨੂੰ ਅਗਵਾ ਕਰਨ ਦੀ ਕੋਸ਼ਿਸ਼ ਕੀਤੀ ਹੈ ਪਿੱਛੋਂ ਪੁਲਿਸ ਨੇ ਲੋਕਾਂ ਨੂੰ ਆਪਣੇ ਘਰਾਂ ਦੇ ਦਰਵਾਜੇ ਤੇ ਤਾਕੀਆਂ ਬੰਦ ਰੱਖਣ ਦੀ ਚਿਤਾਵਨੀ ਦਿੱਤੀ ਸੀ। ਕੰਸਟੇਬਲ ਜੋਡੀ ਥਾਮਸ ਨੇ ਦੱਸਿਆ ਕਿ ਸ਼ੁਰੂਆਤੀ ਜਾਣਕਾਰੀ ਮੁਤਾਬਿਕ ਇਕ ਅਣਪਛਾਤੇ ਵਿਅਕਤੀਨੇ ਇਕ ਘਰ ਵਿਚ ਦਾਖਲ ਹੋ ਕੇ ਗਰਾਊਂਡ ਫਲੋਰ ਦੇ ਬੈੱਡਰੂਮ ਦੀ ਤਾਕੀ ਰਾਹੀਂ ਬੱਚੇ ਨੂੰ ਖਿੱਚਣ ਦੀ ਕੋਸ਼ਿਸ਼ ਕੀਤੀ ਹੈ। ਬੱਚਾ ਉਸ ਤੋਂ ਛੁੱਟ ਗਿਆ ਤੇ ਕੋਈ ਸੱਟ ਫੇਟ ਨਹੀਂ ਲੱਗੀ। ਅਫਸਰ ਤੇ ਪੁਲਿਸ ਡੌਗ ਯੂਨਿਟ ਘਟਨਾ ਵਾਲੇ ਘਰ ਪੁੱਜਾ ਪਰ ਉਥੇ ਸ਼ੱਕੀ ਨਹੀਂ ਮਿਲਿਆ। ਮੇਜਰ ਕਰਾਈਮ ਯੂਨਿਟ ਇਸ ਦੀ ਜਾਂਚ ਕਰ ਰਿਹਾ ਹੈ।

ਸੁਪਰ ਵੀਜ਼ਾ ਇੰਸ਼ੋਰੈਂਸ
ਮੰਥਲੀ ਪੇਮੈਂਟ ਪਲੈਨ • 45% ਤੱਕ ਡਿਸਕਾਊਂਟ*
• ਲਾਈਫ • ਡਿਸੇਬਿਲਿਟੀ • ਕ੍ਰਿਟੀਕਲ ਇਲਨੈਸ
• ਬੱਚਿਆਂ ਲਈ ਇੰਸ਼ੋਰੈਂਸ • ਹੈਲਥ • ਟਰੈਵਲ • ਵਿਜ਼ਟਰ
ਇੰਡੀਪੈਂਡੈਂਟ ਬਰੋਕਰਜ਼ ਹੋਣ ਦੇ ਨਾਤੇ ਅਸੀਂ ਤੁਹਾਨੂੰ ਕਨੇਡਾ ਦੀਆਂ ਸਾਰੀਆਂ ਮੇਜਰ ਇੰਸ਼ੋਰੈਂਸ ਕੰਪਨੀਆਂ ਤੋਂ ਵਾਜਿਬ ਰੇਟ ਅਤੇ ਵਧੀਆ ਬੈਨੀਫਿਟਸ ਲੈ ਕੇ ਦਿੰਦੇ ਹਾਂ
YOUR INSURANCE ADVISOR
JATINDER SINGH BHATIA
Former Advocate (India)




ਜਤਿੰਦਰ ਸਿੰਘ ਭਾਟੀਆ
778.848.1287
jatinder.insurance@hotmail.com
14768-69A Ave, SURREY BC
*WITH DEDUCTIBLE.

India Bookworld
Shop Online At:
www.indiabookworld.ca



ਕਿਤਾਬਾਂ ਹੀ ਕਿਤਾਬਾਂ
ਧਰਮ, ਸੱਭਿਆਚਾਰ, ਇਤਿਹਾਸ, ਭਾਸ਼ਾ ਸਿੱਖਣ, ਬੱਚੇ, ਯੋਗਾ ਅਤੇ ਸਿਹਤ, ਰਸੋਈ, ਕਲਾ ਅਤੇ ਫਿਲਮਾਂ, ਜੋਤਿਸ਼ ਅਤੇ ਅੰਕ ਵਿਗਿਆਨ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ, ਗੁਜਰਾਤੀ, ਬੰਗਾਲੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿੱਚ।






604-593-5967 | 604-595-2923
Follow us at #
#117B-12888 - 80 Ave., Surrey
E: info@indiabookworld.ca

idea immigration
SUPER VISAS & PNPs
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ




• Specialist in marriage appeals & residency appeals
• Under express entry program applicant can come to Canada within 6 month. For assessments you can visit or call.
• Immigration under investment programme

• ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
• 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ
• ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪ੍ਰੋਗਰਾਮ 'ਚ ਤਬਦੀਲੀਆਂ

ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।

ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ

ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।
Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com

# ਦਰਬਾਰ ਸਾਹਿਬ ਅੰਦਰ ਬਜ਼ੁਰਗ ਨਾਲ ਦੁਰਵਿਹਾਰ ਕਰਨ ਵਾਲੇ ਸ਼੍ਰੋਮਣੀ ਕਮੇਟੀ ਮੁਲਾਜ਼ਮ ਮੁਅੱਤਲ

ਅੰਮ੍ਰਿਤਸਰ-ਦਰਬਾਰ ਸਾਹਿਬ ਵਿੱਚ ਅੰਮ੍ਰਿਤ ਵੇਲੇ ਪਾਲਕੀ ਸਾਹਿਬ ਦੀ ਸੇਵਾ ਸਮੇਂ ਸ਼੍ਰੋਮਣੀ ਕਮੇਟੀ ਦੇ ਕੁਝ ਮੁਲਾਜ਼ਮਾਂ ਨੇ ਇਕ ਬਜ਼ੁਰਗ ਵਿਅਕਤੀ ਨਾਲ ਦੁਰਵਿਹਾਰ ਕਰਦਿਆਂ ਉਸ ਦੀ ਧੂਹ-ਘਸੀਟ ਤੇ ਕੁੱਟਮਾਰ ਕੀਤੀ। ਬਜ਼ੁਰਗ ਦੀ ਪਛਾਣ ਸਰਬਜੀਤ ਸਿੰਘ ਵਜੋਂ ਹੋਈ ਹੈ।ਇਸ ਮਾਮਲੇ ਵਿੱਚ ਸ਼੍ਰੋਮਣੀ ਕਮੇਟੀ ਨੇ ਆਪਣੇ ਦੋ ਮੁਲਾਜ਼ਮਾਂ ਨੂੰ ਮੁਅੱਤਲ ਕੀਤਾ ਹੈ। ਮਾਮਲਾ ਅੱਜ ਉਸ ਵੇਲੇ ਸਾਹਮਣੇ ਆਇਆ ਜਦੋਂ ਇਸ ਘਟਨਾ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ, ਜਿਸ ਵਿੱਚ ਸ਼੍ਰੋਮਣੀ ਕਮੇਟੀ ਦੇ ਸੇਵਾਦਾਰ ਇੱਕ ਅੰਮ੍ਰਿਤਧਾਰੀ ਸ਼ਰਧਾਲੂ ਦੀ ਕੁੱਟਮਾਰ ਕਰਦੇ ਦਿਖਾਈ ਦੇ ਰਹੇ ਹਨ। ਘਟਨਾ ਸ੍ਰੀ ਅਕਾਲ ਤਖ਼ਤ ਦੇ ਨੇੜੇ ਵਾਪਰੀ ਹੈ। ਵੀਡੀਓ ਵਾਇਰਲ ਹੋਣ ਮਗਰੋਂ ਸੋਸ਼ਲ ਮੀਡੀਆ 'ਤੇ ਸ਼੍ਰੋਮਣੀ ਕਮੇਟੀ ਦੀ ਨਿਖੇਧੀ ਕੀਤੀ ਜਾ ਰਹੀ ਹੈ। ਜਾਣਕਾਰੀ ਅਨੁਸਾਰ ਸਰਬਜੀਤ ਸਿੰਘ ਨੇ ਗਲਿਆਰਾ ਚੌਕੀ ਵਿੱਚ ਸ਼ਿਕਾਇਤ ਵੀ ਦਰਜ ਕਰਵਾਈ ਹੈ। ਉਸ ਦਾ ਕਹਿਣਾ ਹੈ ਕਿ ਉਹ ਰੋਜ਼ ਸਵੇਰੇ ਸੇਵਾ ਕਰਨ ਲਈ ਗੁਰੂਘਰ ਆਉਂਦਾ ਹੈ। ਉਹ ਪਾਲਕੀ ਸਾਹਿਬ ਦੀ ਰਵਾਨਗੀ ਵੇਲੇ ਵੀ ਸੇਵਾ ਵਿੱਚ ਹਿੱਸਾ ਲੈਣਾ ਚਾਹੁੰਦਾ ਸੀ, ਪਰ ਉਥੇ ਤਾਇਨਾਤ ਮੁਲਾਜ਼ਮਾਂ ਨੇ ਉਸ ਨੂੰ ਰੋਕ ਦਿੱਤਾ। ਇਸ ਮਗਰੋਂ ਉਹ ਜੰਗਲਾ ਟੱਪ ਕੇ ਸ੍ਰੀ ਅਕਾਲ ਤਖ਼ਤ ਵੱਲ ਜਾਣ ਵਾਲੀਆ ਪੌੜੀਆਂ 'ਤੇ ਬੈਠ ਗਿਆ। ਉਥੋਂ ਮੁਲਾਜ਼ਮਾਂ ਨੇ ਉਸ ਨੂੰ ਘਸੀਟ ਕੇ ਜੰਗਲੇ ਤੋਂ ਬਾਹਰ ਕਰ ਦਿੱਤਾ ਤੇ ਉਸ ਨਾਲ ਕੁੱਟਮਾਰ ਵੀ ਕੀਤੀ। ਜਾਂਚ ਅਧਿਕਾਰੀ ਨੇ ਦੱਸਿਆ ਕਿ ਇਸ ਮਾਮਲੇ 'ਚ ਪੁੱਛ-ਪੜਤਾਲ ਲਈ ਸਬੰਧਤ ਮੁਲਾਜ਼ਮਾਂ ਕੁਲਵਿੰਦਰ ਸਿੰਘ ਤੇ ਇੰਦਰਜੀਤ ਸਿੰਘ ਨੂੰ ਭਲਕੇ ਸੱਦਿਆ ਗਿਆ ਹੈ।



# ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਟਾਈਟਲਰ ਦੀ ਤਸਵੀਰ ਵਾਲੀ ਟੀ ਸ਼ਰਟ ਪਾਕੇ ਵੀਡੀਓ ਬਣਾਉਣ ਵਾਲੇ ਖਿਲਾਫ ਕੇਸ ਦਰਜ

ਅੰਮ੍ਰਿਤਸਰ:-ਸ੍ਰੀ ਦਰਬਾਰ ਸਾਹਿਬ ਵਿੱਚ ਜਗਦੀਸ਼ ਟਾਈਟਲਰ ਦੀ ਤਸਵੀਰ ਵਾਲੀ ਟੀ-ਸ਼ਰਟ ਪਾ ਕੇ ਇਸ ਦੀ ਫੋਟੋ ਨੂੰ ਸ਼ੋਸ਼ਲ ਮੀਡੀਆ 'ਤੇ ਵਾਇਰਲ ਕਰਨ ਵਾਲੇ ਵਿਅਕਤੀ ਖਿਲਾਫ ਪੁਲੀਸ ਨੇ ਕੇਸ ਦਰਜ ਕਰ ਲਿਆ ਹੈ ਪਰ ਇਸ ਮਾਮਲੇ ਵਿਚ ਫਿਲਹਾਲ ਕੋਈ ਗ੍ਰਿਫ਼ਤਾਰੀ ਨਹੀਂ ਹੋਈ। ਥਾਣਾ ਈ-ਡਿਵੀਜ਼ਨ ਦੀ ਪੁਲੀਸ ਵੱਲੋਂ ਆਈਪੀਸੀ ਦੀ ਧਾਰਾ 153-ਏ ਹੇਠ ਕਰਮਜੀਤ ਸਿੰਘ ਗਿੱਲ ਵਾਸੀ ਅਮਨ ਐਵੀਨਿਊ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ। ਦਰਬਾਰ ਸਾਹਿਬ ਦੇ ਮੈਨੇਜਰ ਸੁਲੱਖਣ ਸਿੰਘ ਨੇ ਦੱਸਿਆ ਕਿ ਇਹ ਵਿਅਕਤੀ ਸ੍ਰੀ ਹਰਿਮੰਦਰ ਸਾਹਿਬ ਵਿੱਚ ਆਇਆ ਅਤੇ ਉਸ ਨੇ ਸਰੋਵਰ ਵਿੱਚ ਇਸ਼ਨਾਨ ਕਰਨ ਮਗਰੋਂ ਜਗਦੀਸ਼ ਟਾਈਟਲਰ ਦੀ ਤਸਵੀਰ ਵਾਲੀ ਟੀ-ਸ਼ਰਟ ਪਾ ਲਈ ਜਦਕਿ ਜਗਦੀਸ਼ ਟਾਈਟਲਰ ਨਵੰਬਰ 1984 ਸਿੱਖ ਕਤਲੇਆਮ ਲਈ ਦੋਸ਼ੀ ਹੈ। ਇਸ ਵਿਅਕਤੀ ਨੇ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਵੀ ਨਹੀਂ ਟੇਕਿਆ ਜਿਸ ਤੋਂ ਸਪਸ਼ਟ ਹੈ ਕਿ ਅਜਿਹਾ ਸਾਜ਼ਿਸ਼ ਤਹਿਤ ਕੀਤਾ ਗਿਆ ਹੈ।

# ਸੰਯੁਕਤ ਕਿਸਾਨ ਮੋਰਚੇ ਵਲੋਂ ਕੇਂਦਰੀ ਮੰਤਰੀ ਮਿਸ਼ਰਾ ਖਿਲਾਫ ਕਾਰਵਾਈ ਨੂੰ ਲੈ ਕੇ ਲਖੀਮਪੁਰ ਵਿਚ ਧਰਨਾ

ਨਵੀਂ ਦਿੱਲੀ-ਕੇਂਦਰੀ ਮੰਤਰੀ ਅਜੈ ਕੁਮਾਰ ਮਿਸ਼ਰਾ ਨੂੰ ਮੰਤਰੀ ਮੰਡਲ 'ਚੋਂ ਬਰਖ਼ਾਸਤ ਕਰਵਾਉਣ ਸਮੇਤ ਹੋਰ ਮੰਗਾਂ ਨੂੰ ਲੈ ਕੇ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਹੇਠ ਕਿਸਾਨਾਂ ਦਾ ਲਖੀਮਪੁਰ ਸ਼ਹਿਰ ਦੀ ਰਾਜਾਪੁਰ ਮੰਡੀ ਸਮਿਤੀ 'ਚ ਤਿੰਨ ਰੋਜ਼ਾ ਧਰਨਾ ਅੱਜ ਤੋਂ ਸ਼ੁਰੂ ਹੋ ਗਿਆ ਹੈ। ਉਨ੍ਹਾਂ ਦੀਆਂ ਮੰਗਾਂ ਵਿੱਚ ਪਿਛਲੇ ਸਾਲ ਅਕਤੂਬਰ ਵਿੱਚ ਜ਼ਿਲ੍ਹੇ ਦੇ ਤਿਕੁਨੀਆ ਖੇਤਰ ਵਿੱਚ ਹੋਈ ਹਿੰਸਾ ਦੇ ਸਬੰਧ ਵਿੱਚ ਜੇਲ੍ਹ ਵਿੱਚ ਬੰਦ ਚਾਰ ਕਿਸਾਨਾਂ ਦੀ ਰਿਹਾਈ ਵੀ ਸ਼ਾਮਲ ਹੈ। ਮਿਸ਼ਰਾ ਦਾ ਪੁੱਤਰ ਆਸ਼ੀਸ਼ ਮਿਸ਼ਰਾ ਲਖੀਮਪੁਰ ਖੀਰੀ ਕਾਂਡ ਦੇ ਦੋਸ਼ੀਆਂ ਵਿੱਚੋਂ ਇੱਕ ਹੈ ਜਿਸ ਵਿੱਚ ਚਾਰ ਕਿਸਾਨਾਂ ਅਤੇ ਇਕ ਪੱਤਰਕਾਰ ਦੀ ਮੌਤ ਹੋਈ ਸੀ। ਧਰਨੇ ਵਿੱਚ ਯੂਪੀ ਤੋਂ ਇਲਾਵਾ ਪੰਜਾਬ, ਹਰਿਆਣਾ, ਮੱਧ ਪ੍ਰਦੇਸ਼, ਉੱਤਰਾਖੰਡ, ਮੱਧ ਪ੍ਰਦੇਸ਼ ਸਮੇਤ ਕਰੀਬ 20 ਰਾਜਾਂ ਦੇ ਹਜ਼ਾਰਾਂ ਕਿਸਾਨ ਸ਼ਾਮਲ ਹਨ। ਧਰਨੇ ਨੂੰ ਅੱਜ ਡਾ. ਦਰਸ਼ਨ ਪਾਲ, ਯੋਗੇਂਦਰ ਯਾਦਵ, ਬੂਟਾ ਸਿੰਘ ਬੁਰਜਗਿੱਲ, ਮੇਧਾ ਪਾਟੇਕਰ, ਡਾ. ਆਸ਼ੀਸ਼ ਮਿੱਤਲ, ਰਣਜੀਤ ਸਿੰਘ ਰਾਜੂ, ਰਵੀ ਆਜ਼ਾਦ ਆਦਿ ਪ੍ਰਮੁੱਖ ਕਿਸਾਨ ਆਗੂਆਂ ਨੇ ਸੰਬੋਧਨ ਕੀਤਾ। ਕਿਸਾਨ ਆਗੂਆਂ ਰਾਕੇਸ਼ ਟਿਕੈਤ, ਜੋਗਿੰਦਰ ਸਿੰਘ ਉਗਰਾਹਾਂ ਅਤੇ ਹੋਰਾਂ ਨੇ ਲਖੀਮਪੁਰ ਖੀਰੀ 'ਚ ਦਰੜੇ ਗਏ ਚਾਰ ਕਿਸਾਨਾਂ ਅਤੇ ਪੱਤਰਕਾਰ ਦੀ ਸ਼ਹਾਦਤ ਨੂੰ ਯਾਦ ਕੀਤਾ ਅਤੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ।

# ਅਧਿਆਪਕ ਦੀ ਕੁੱਟਮਾਰ ਦੇ ਸ਼ਿਕਾਰ 13 ਸਾਲਾ ਬੱਚੇ ਦੀ ਮੌਤ

ਬਹਿਰਾਇਚ-ਉੱਤਰ ਪ੍ਰਦੇਸ਼ ਦੇ ਬਹਿਰਾਇਚ ਜ਼ਿਲ੍ਹੇ ਦੇ 13 ਸਾਲਾ ਲੜਕੇ ਦੀ ਉਸ ਦੇ ਅਧਿਆਪਕ ਵੱਲੋਂ ਕਥਿਤ ਤੌਰ 'ਤੇ ਕੁੱਟਮਾਰ ਕਰਨ ਤੋਂ ਕਰੀਬ ਨੌਂ ਦਿਨਾਂ ਬਾਅਦ ਹਸਪਤਾਲ ਵਿੱਚ ਮੌਤ ਹੋ ਗਈ। ਕੁੱਟ ਕਾਰਨ ਬੱਚੇ ਦੇ ਸਰੀਰ ਅੰਦਰ ਖ਼ੂਨ ਵਹਿਣ ਕਾਰਨ ਮੌਤ ਹੋ ਗਈ। ਪੀੜਤ ਦੇ ਭਰਾ ਰਾਜੇਸ਼ ਵਿਸ਼ਵਕਰਮਾ ਨੇ ਪੱਤਰਕਾਰਾਂ ਨੂੰ ਦੱਸਿਆ, 'ਮੇਰੇ ਭਰਾ ਨੂੰ ਉਸ ਦੇ ਅਧਿਆਪਕ ਨੇ 250 ਰੁਪਏ ਪ੍ਰਤੀ ਮਹੀਨਾ ਸਕੂਲ ਫੀਸ ਕਾਰਨ ਕੁੱਟਿਆ ਸੀ। ਮੈਂ ਇਹ ਆਨਲਾਈਨ ਅਦਾ ਕਰ ਦਿੱਤਾ ਸੀ ਪਰ ਅਧਿਆਪਕ ਨੂੰ ਪਤਾ ਨਹੀਂ ਲੱਗਾ ਅਤੇ ਮੇਰੇ ਭਰਾ ਨੂੰ ਬੇਰਹਿਮੀ ਨਾਲ ਕੁੱਟਿਆ।' ਪੀੜਤਾ ਦੇ ਚਾਚੇ ਨੇ ਹੁਣ ਪੁਲੀਸ ਕੋਲ ਸ਼ਿਕਾਇਤ ਦਰਜ ਕਰਵਾਈ ਹੈ। ਘਟਨਾ ਜਾਤਵਾਦੀ ਰੰਗਤ ਵੀ ਲੈ ਗਈ ਹੈ ਤੇ ਲੜਕੇ ਦੇ ਪਰਿਵਾਰ ਨੇ ਦਾਅਵਾ ਕੀਤਾ ਹੈ ਕਿ ਪੀੜਤ ਦੀ ਕੁੱਟਮਾਰ ਇਸ ਲਈ ਕੀਤੀ ਗਈ ਕਿਉਂਕਿ ਉਹ ਦਲਿਤ ਸੀ ਜਦਕਿ ਅਧਿਆਪਕ ਅਖੌਤੀ ਉੱਚ ਜਾਤੀ ਨਾਲ ਸਬੰਧਤ ਸੀ। ਪਿਛਲੇ ਹਫ਼ਤੇ ਰਾਜਸਥਾਨ ਵਿੱਚ ਨੌਂ ਸਾਲਾ ਦਲਿਤ ਲੜਕੇ ਦੀ ਵੀ ਮੌਤ ਹੋ ਗਈ ਸੀ, ਜਿਸ ਨੂੰ ਉਸ ਦੇ ਸਕੂਲ ਅਧਿਆਪਕ ਵੱਲੋਂ ਪੀਣ ਵਾਲੇ ਪਾਣੀ ਦੇ ਘੜੇ ਨੂੰ ਛੂਹਣ ਕਾਰਨ ਕੁੱਟਿਆ ਗਿਆ ਸੀ।

BADH ACCOUNTING SERVICES
32 YEARS EXPERIENCE IN ACCOUNTING
Specializing in:
ਟੈਕਸ ਦੇ ਪੇਪਰ ਭਰਨਾ * ਅਕਾਊਂਟਿੰਗ * ਪੇਰੋਲ
ਬਿਜ਼ਨਸ ਇਨਕਮ ਟੈਕਸ * ਪਰਸਨਲ ਇਨਕਮ ਟੈਕਸ
ਟੀ-ਫੋਰ ਜਾਂ ਵਰਕਰ ਕੰਪਨਸੇਸ਼ਨ ਫਾਰਮ * ਬੁੱਕ ਕੀਪਿੰਗ
* Tax Forms Fill up * Accounting * Payroll
* Business Income Tax * Personal Income Tax
* T4 & Workers Compensation Forms
* Bookkeeping
Jasbir Singh Badh
ਜਸਬੀਰ ਸਿੰਘ ਬਾਧ
ਸਾਡਾ ਅਕਾਊਂਟਿੰਗ ਵਿਚ 32 ਸਾਲ ਦਾ ਤਜ਼ਰਬਾ ਹੈ
Ph: 604-325-8370
Fax: 604-325-6654
# 1393 - 20800 - WESTMINSTER HWY, RICHMOND, BC

CAN-AM LUMBER MILL
WE CAN NOW SUPPLY COMPLETE HOME PACKAGE
Engineered Floor Joists, Roof Trusses
All the Framing lumber, Plywoods for Floors, Walls & Roof
Always Low Prices
2X6X8' Kiln Dry Fir **$4.95 EA**
1X4 Red Cedar 10' **$2.95 EA**
4X8X3/8" Paint Grade Plywood **$21.95 EA**
4X8X1/2" Paint Grade Plywood **$29.95 EA**
*APNA PUNJABI LUMBER YARD*
RING: MALKIT OR SAM SANGHA
604-580-1415
11635 130th St., Surrey, FAX: 604-580-1528
Email: can-ambuildingsupply@shaw.ca
*We Deliver to Your Job Site*
*(Even to the Moon)*
"Where the Builders Buy"

REAL ESTATE BUY & SELL
KULWANT ATWAL 604-716-2135
MORTGAGES 1st, 2nd or Private
BHAJAN ATWAL 604-773-8426
BUILD WITH WARRANTY
BUILD, SUPPORT & ADVICE TEAM WORK
604-773-8426
604-594-7592
Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:
amex A Mark of EXcellence
CENTUM
You Will Save Thousands Thousands Dollars
Buy With Us: Get Full Support
Sell With Us: Save Money
Build With Us: Warranty & Support
"Pre-Register Your House To Sell & Save Thousands Dollars & Guaranteed Sold"
RESIDENTIAL
CONSTRUCTION
COMMERCIAL
NEW IMMIGRANTS
SELF EMPLOYED
PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply
Real Estate, Mortgage, Build & Warranty, Private Mortgages
604-716-2135 604-773-8426

# ਵੈਨਕੂਵਰ ਅਖ਼ਬਾਰ ਦੇ ਸਾਬਕਾ ਸੰਪਾਦਕ ਸਿੰਗ ਤਾਓ ਦਾ ਨਾਂਅ ਹਾਂਗਕਾਂਗ ਵਿਚ ਲੋੜੀਦੇ ਵਿਅਕਤੀਆਂ ਦੀ ਸੂਚੀ ਵਿਚ ਸ਼ਾਮਿਲ



ਵਿਕਟੋਰੀਆ-ਕੈਨੇਡਾ ਵਿਚ ਕਿਸੇ ਸਮੇਂ ਚੀਨੀ ਭਾਸ਼ਾ ਵਿਚ ਸਭ ਤੋਂ ਵੱਧ ਛੱਪਣ ਵਾਲੇ ਅਖ਼ਬਾਰਾਂ ਵਿਚੋਂ ਇਕ ਸਿੰਗ ਤਾਓ ਡੇਲੀ ਦੇ ਸਾਬਕਾ ਐਡੀਟਰ ਇਨ ਚੀਫ ਦਾ ਕਹਿਣਾ ਕਿ ਇਹ ਜਾਣ ਕੇ ਹੈਰਾਨੀ ਹੋਈ ਹੈ ਕਿ ਹਾਂਗਕਾਂਗ ਸਰਕਾਰ ਨੇ ਰਾਜ ਸ਼ਕਤੀ ਨੂੰ ਕਥਿਤ ਰੂਪ ਵਿਚ ਨਸ਼ਟ ਕਰਨ ਲਈ ਲੋੜੀਂਦੇ ਵਿਅਕਤੀ ਵਜੋਂ ਉਸ ਨੂੰ ਨਾਮਜ਼ਦ ਕੀਤਾ ਹੈ। ਰਿਚਮੰਡ ਵਿਚ ਰਹਿਣ ਵਾਲੇ ਵਿਕਟਰ ਹੋ ਨੇ ਕਿਹਾ ਕਿ ਅਸੀਂ ਅਚਾਨਕ ਉਸ ਥਾਂ 'ਤੇ ਕਿਵੇਂ ਪਹੁੰਚ ਗਏ ਜਿਥੇ ਉਹ ਇਕ ਭਗੌੜੇ ਵਰਗਾ ਬਣ ਗਿਆ ਕਿਉਂਕਿ ਉਹ ਇਕ ਰਾਜਸੀ ਸੰਕਲਪ ਬਾਰੇ ਗੱਲ ਕਰ ਰਿਹਾ ਹੈ ਜਿਹੜਾ ਅਮਲ ਵਿਚ ਆ ਸਕਦਾ ਹੈ ਜਾਂ ਨਹੀਂ ਵੀ ਆ ਸਕਦਾ। 27 ਜੁਲਾਈ ਨੂੰ ਹੋ ਹਾਂਗਕਾਂਗ ਜਲਾਵਤਨ ਪਾਰਲੀਮੈਂਟ ਲਈ ਚੋਣ ਪ੍ਰਬੰਧਕ ਕਮੇਟੀ ਦੇ ਐਲਾਨ ਕਰਨ ਲਈ ਇਕ ਨਿਊਜ਼ ਕਾਨਫਰੰਸ ਵਿਚ ਦੂਸਰੇ ਕਾਰਕੁਨਾਂ ਨਾਲ ਸ਼ਾਮਿਲ ਹੋਇਆ ਸੀ। ਇਹ ਪਾਰਲੀਮੈਂਟ ਬੀਜਿੰਗ ਦੇ ਰਾਜਨੀਤਕ ਆਜ਼ਾਦੀ 'ਤੇ ਲਗਾਤਾਰ ਰੋਕ ਦਾ ਵਿਰੋਧ ਕਰੇਗੀ। ਇਕ ਹਫ਼ਤਾ ਪਿੱਛੋਂ ਹਾਂਗਕਾਂਗ ਸਰਕਾਰ ਦੀ ਸੁਰੱਖਿਆ ਬਿਊਰੋ ਨੇ ਆਪਣੀ ਵੈੱਬਸਾਈਟ 'ਤੇ ਕਿਹਾ ਕਿ ਉਹ ਨਿਊਜ ਕਾਨਫਰੰਸ ਵਿਚ ਸ਼ਾਮਿਲ ਹੋ ਤੇ ਦੋ ਹੋਰਨਾਂ ਦੀ ਨਿਖੇਧੀ ਕਰਦੀ ਹੈ ਅਤੇ ਹਾਂਗਕਾਂਗ ਦੇ ਕੌਮੀ ਸੁਰੱਖਿਆ ਕਾਨੂੰਨ ਦੇ ਆਧਾਰ 'ਤੇ ਪੁਲਿਸ ਅਪਰਾਧੀਆਂ ਨੂੰ ਨਿਆਂ ਦੇ ਕਟਹਿਰੇ ਵਿਚ ਖੜਾ ਕਰਨ ਲਈ ਮਾਮਲਿਆਂ ਦੀ ਪੈਰਵੀ ਵਿਚ ਕੋਈ ਕਸਰ ਨਹੀਂ ਛੱਡੇਗੀ। ਦੋ ਐਮਪੀਜ਼ ਅਤੇ ਹਾਂਗਕਾਂਗ ਨਾਲ ਸਬੰਧ ਰੱਖਣ ਵਾਲੇ ਕੈਨੇਡੀਅਨਾਂ ਦੇ ਗਰੁੱਪ ਨੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਵਿਦੇਸ਼ ਮਾਮਲਿਆਂ ਬਾਰੇ ਮੰਤਰੀ ਮੇਲਾਨੀ ਜੋਲੀ ਨੂੰ ਹਾਂਗਕਾਂਗ ਸਰਕਾਰ ਦੀ ਕਾਰਵਾਈ ਦਾ ਜਨਤਕ ਤੌਰ 'ਤੇ ਵਿਰੋਧ ਕਰਨ ਲਈ ਕਿਹਾ ਹੈ।



# ਅਨੀਤਾ ਨੇਵਿਲ ਮਨੀਟੋਬਾ ਦੀ ਲੈਫਟੀਨੈਂਟ ਗਵਰਨਰ ਨਿਯੁਕਤ

ਓਟਵਾ-ਪਾਰਲੀਮੈਂਟ ਦੀ ਸਾਬਕਾ ਲਿਬਰਲ ਮੈਂਬਰ ਅਨੀਤਾ ਨੇਵਿਲ ਨੂੰ ਮਨੀਟੋਬਾ ਦੀ ਨਵੀਂ ਲੈਫਟੀਨੈਂਟ ਗਵਰਨਰ ਨਿਯੁਕਤ ਕੀਤਾ ਗਿਆ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਨਿਯੁਕਤੀ ਦਾ ਐਲਾਨ ਕਰਦਿਆਂ ਕਿਹਾ ਕਿ ਨੇਵਿਲ ਲੰਬੇ ਸਮੇਂ ਤੋਂ ਆਪਣੀ ਕਮਿਊਨਿਟੀ ਦੇ ਲੋਕਾਂ, ਸੂਬੇ ਤੇ ਦੇਸ਼ ਦੀ ਚੈਂਪੀਅਨ ਰਹੀ ਹੈ। ਮੈਨੂੰ ਪਤਾ ਹੈ ਕਿ ਮਨੀਟੋਬਾ ਦੀ ਲੈਫਟੀਨੈਂਟ ਗਵਰਨਰ ਵਜੋਂ ਉਹ ਲਗਾਤਾਰ ਮਨੀਟੋਬਾ ਵਾਸੀਆਂ ਤੇ ਕੈਨੇਡੀਅਨਾਂ ਲਈ ਕੁਝ ਵੱਖਰਾ ਕਰਨਾ ਜਾਰੀ ਰੱਖੇਗੀ। ਮੈਂ ਉਸ ਨੂੰ ਨਵੀਂ ਭੂਮਿਕਾ ਲਈ ਸ਼ੁਭ ਕਾਮਨਾਵਾਂ ਦਿੰਦਾ ਹੈ। ਨੇਵਿਲ ਵਿਨੀਪੈਗ ਸਾਊਥ ਸੈਂਟਰ ਸੀਟ 'ਤੇ 2000 ਤੋਂ 2011 ਤਕ ਕਾਬਜ਼ ਰਹੀ ਅਤੇ 2011 ਵਿਚ ਉਹ ਕੰਸਰਵੇਟਿਵ ਜੋਇਸ ਬੈਟਮੈਨ ਤੋਂ ਚੋਣ ਹਾਰ ਗਈ ਸੀ। ਉਹ ਮਨੀਟੋਬਾ ਦੀ ਪਹਿਲੀ ਯਹੂਦੀ ਤੇ ਤੀਸਰੀ ਔਰਤ ਲੈਫਟੀਨੈਂਟ ਗਵਰਨਰ ਹੋਵੇਗੀ। ਨੇਵਿਲ ਵਿਨੀਪੈਗ ਵਿਚ ਜੰਮੀ ਤੇ ਪਲੀ ਹੈ। ਉਹ ਲੰਬਾ ਸਮਾਂ ਵਿਨੀਪੈਗ ਸਕੂਲ ਡਿਵੀਜ਼ਨ ਬੋਰਡ ਆਫ ਟਰੱਸਟੀਜ਼ ਦੀ ਮੈਂਬਰ ਰਹੀ ਅਤੇ ਇਸ ਦੇ ਚੇਅਰ ਵਜੋਂ ਪੰਜ ਸਾਲ ਸੇਵਾ ਕੀਤੀ। ਨੇਵਿਲ ਮੌਜੂਦਾ ਲੈਫਟੀਨੈਂਟ ਗਵਰਨਰ ਜੇਨਿਸ ਫਿਲਮਨ ਦੀ ਥਾਂ ਲਵੇਗੀ ਜਿਹੜੀ 2015 ਤੋਂ ਇਸ ਅਹੁਦੇ 'ਤੇ ਹਨ। ਫਿਲਮਨ ਨੇ ਪਿਛਲੇ ਸਾਲ ਨਵੰਬਰ ਵਿਚ ਥਰੋਨ ਤੋਂ ਭਾਸ਼ਣ ਦੌਰਾਨ ਕਿਹਾ ਸੀ ਕਿ ਉਹ ਅਹੁਦੇ ਤੋਂ ਹਟ ਜਾਵੇਗੀ।

# ਕੈਨੇਡਾ ਨੇ ਜੁਲਾਈ ਪਿੱਛੋਂ ਚੌਥਾ ਆਲ-ਪ੍ਰੋਗਰਾਮ ਐਕਸਪ੍ਰੈਸ ਐਂਟਰੀ ਡਰਾਅ ਕੱਢਿਆ

ਓਟਵਾ-ਕੈਨੇਡਾ ਨੇ 6 ਜੁਲਾਈ ਪਿੱਛੋਂ ਆਪਣਾ ਚੌਥਾ ਆਲ-ਪ੍ਰੋਗਰਾਮ ਐਕਸਪ੍ਰੈਸ ਐਂਟਰੀ ਡਰਾਅ ਕੱਢਿਆ ਹੈ। ਆਈਆਰਸੀਸੀ ਨੇ ਪਰਮਾਨੈਂਟ ਰੈਜ਼ੀਡੈਂਸ (ਪੀਆਰ) ਲਈ 2250 ਅਪਲਾਈ ਕਰਨ ਦੇ ਸੱਦੇ (ਆਈਟੀਏ) ਦਿੱਤੇ ਹਨ। ਵਿਆਪਕ ਰੈਂਕਿੰਗ ਸਿਸਟਮ ਸਕੋਰ (ਸੀਆਰਐਸ) ਕਟ-ਆਫ 525 ਰਿਹਾ ਹੈ। ਐਕਸਪ੍ਰੈਸ ਐਂਟਰੀ ਕੈਨੇਡਾ ਦੇ ਨਵੇਂ ਆਉਣ ਵਾਲੇ ਹੁਨਰਮੰਦਾਂ ਲਈ ਸਭ ਤੋਂ ਮਸ਼ਹੂਰ ਇਮੀਗ੍ਰੇਸ਼ਨ ਰਸਤਿਆਂ ਵਿਚੋਂ ਇਕ ਹੈ। ਇਸ ਡਰਾਅ ਲਈ ਕੋਈ ਪ੍ਰੋਗਰਾਮ ਨਿਰਧਾਰਤ ਨਹੀਂ ਸੀ ਜਿਸ ਦਾ ਮਤਲਬ ਕੈਨੇਡੀਅਨ ਐਕਸਪੀਰੀਐਂਸ ਕਲਾਸ (ਸੀਈਸੀ) ਅਤੇ ਫੈਡਰਲ ਸਕਿਲਡ ਵਰਕਰ ਪ੍ਰੋਗਰਾਮ (ਐਫਐਸਡਬਲਯੂਪੀ) ਤੋਂ ਉਮੀਦਵਾਰ ਵੀ ਸੱਦੇ ਜਾਣ ਲਈ ਯੋਗ ਹਨ। 6 ਜੁਲਾਈ ਤੋਂ ਜਦੋਂ ਤੋਂ ਡਰਾਅ ਕੱਢਣਾ ਸ਼ੁਰੂ ਕੀਤਾ ਉਸ ਸਮੇਂ ਤੋਂ ਕੁਲ ਮਿਲਾ ਕੇ 7500 ਉਮੀਦਵਾਰਾਂ ਨੂੰ ਆਈਟੀਏ ਜਾਰੀ ਕੀਤਾ ਗਿਆ ਹੈ। ਹਰੇਕ ਡਰਾਅ ਵਿਚ ਸੱਦੇ ਜਾਣ ਵਾਲੇ ਉਮੀਦਵਾਰਾਂ ਦੀ ਗਿਣਤੀ ਵਿਚ 250 ਦਾ ਵਾਧਾ ਹੋਇਆ ਜਦਕਿ ਘੱਟੋ ਘੱਟ ਸੀਆਰਐਸ ਸਕੋਰ ਹਰੇਕ ਹਫ਼ਤੇ 8 ਜਾਂ 9 ਅੰਕ ਲਗਾਤਾਰ ਘੱਟ ਰਿਹਾ ਹੈ। ਮੌਜੂਦਾ ਕੱਟ-ਆਫ ਸਕੋਰ 6 ਜੁਲਾਈ ਦੇ ਡਰਾਅ ਨਾਲੋਂ 33 ਅੰਕ ਘੱਟ ਹੈ ਜਿਹੜਾ 557 ਸੀ। ਐਕਸਪ੍ਰੈਸ ਐਂਟਰੀ ਡਰਾਅ 18 ਮਹੀਨਿਆਂ ਤੋਂ ਵੀ ਵੱਧ ਸਮੇਂ ਤੋਂ ਇਮੀਗ੍ਰੇਸ਼ਨ, ਰਿਫਊਜੀ ਸਿਟੀਜ਼ਨਸ਼ਿਪ ਕੈਨੇਡਾ (ਆਈਆਰਸੀਸੀ) ਨੇ ਰੋਕਿਆ ਹੋਇਆ ਸੀ। ਇਸ ਸਮੇਂ ਦੌਰਾਨ ਸੀਈਸੀ ਜਾਂ ਪ੍ਰੋਵਿੰਸ਼ੀਅਲ ਨਾਮੀਨੀ ਪ੍ਰੋਗਰਾਮ (ਪੀਐਨਪੀ) ਤਹਿਤ ਯੋਗ ਉਮੀਦਵਾਰਾਂ ਨੂੰ ਹੀ ਅਪਲਾਈ ਕਰਨ ਲਈ ਸੱਦਿਆ ਗਿਆ ਸੀ, ਉਂਜ ਸੀਈਸੀ ਡਰਾਅ ਵੀ ਸਤੰਬਰ 2021 ਤੋਂ ਰੋਕੇ ਹੋਏ ਸਨ।




# ਕਮਰ ਫਰੈਕਚਰ ਤੋਂ ਪੀੜਤ ਔਰਤ ਨੂੰ 12 ਘੰਟੇ ਐਂਬੂਲੈਂਸ ਦੀ ਉਡੀਕ ਕਰਨੀ ਪਈ




ਵਿਕਟੋਰੀਆ-ਸਾਊਥ ਸਰੀ ਦੀ ਇਕ ਬਜ਼ੁਰਗ ਔਰਤ ਜਿਸ ਨੂੰ ਹਸਪਤਾਲ ਤੋਂ ਸਿਰਫ 10 ਮਿੰਟ ਦੀ ਡਰਾਈਵ 'ਤੇ ਰਹਿੰਦੇ ਹੋਣ ਦੇ ਬਾਵਜੂਦ ਕਮਰ ਵਿਚ ਫਰੈਕਚਰ ਹੋਣ ਕਾਰਨ 12 ਘੰਟੇ ਐਂਬੂਲੈਂਸ ਦੀ ਉਡੀਕ ਕਰਨੀ ਪਈ ਸੀ ਪਿੱਛੋਂ ਬੀਸੀ ਐਂਬੂਲੈਂਸ ਸਰਵਿਸ ਨੇ ਸਮੀਖਿਆ ਸ਼ੁਰੂ ਕੀਤੀ ਹੈ। ਅਜਿਹਾ ਰਾਤ ਸਮੇਂ ਹੋਇਆ ਜਿਥੇ ਪੈਰਾਮੈਡਿਕਸ ਦੀ ਘਾਟ ਕਾਰਨ ਹੋਰ 10 ਮੈਟਰੋ ਵੈਨਕੂਵਰ ਐਂਬੂਲੈਂਸਾਂ ਨੂੰ ਖੜਾ ਕਰ ਦਿੱਤਾ ਗਿਆ ਸੀ। 72 ਸਾਲਾ ਜੈਕੀ ਜੋਇਸ 6 ਅਗਸਤ ਨੂੰ ਆਪਣੀ ਟਾਈਲਾਂ ਵਾਲੀ ਫਰਸ਼ 'ਤੇ ਡਿਗ ਪਈ ਸੀ ਜਿਸ ਨਾਲ ਉਸ ਦੇ ਸਿਰ ਵਿਚ ਸੱਟ ਲੱਗ ਗਈ। ਉਸ ਨੂੰ ਅਜੇ ਤਕ ਇਹ ਵੀ ਨਹੀਂ ਸੀ ਪਤਾ ਉਸ ਦੀ ਕਮਰ ਦੀ ਹੱਡੀ ਵੀ ਟੁੱਟ ਗਈ ਹੈ ਪਰ ਉਸ ਨੂੰ ਇਹ ਪਤਾ ਸੀ ਕਿ ਉਹ ਹਿਲਜੁਲ ਨਹੀਂ ਸਕਦੀ ਅਤੇ ਘੱਟੋ ਘੱਟ ਕਾਰ ਵਿਚ ਸਵਾਰ ਨਹੀਂ ਹੋ ਸਕਦੀ। ਖੁਸ਼ਕਿਸਮਤੀ ਨਾਲ ਉਸ ਕੋਲ ਟੈਲੀਫੋਨ ਸੀ ਅਤੇ ਉਸ ਨੇ ਕਿਸੇ ਤਰ੍ਹਾਂ ਕਾਊਂਟਰ ਤਕ ਪਹੁੰਚ ਕੇ 911 'ਤੇ ਫੋਨ ਕੀਤਾ। ਉਸ ਨੇ ਐਮਰਜੈਂਸੀ ਨੂੰ ਸ਼ਾਮ 7.30 ਅਤੇ 8 ਵਜੇ ਦੇ ਵਿਚਕਾਰ ਫੋਨ ਕੀਤਾ ਅਤੇ ਫਿਰ ਆਪਣੇ ਪੁੱਤਰ ਨੂੰ ਫੋਨ ਕੀਤਾ ਜਿਸ ਨੇ ਉਡੀਕ ਕਰਨ ਲਈ ਉਸ ਨੂੰ ਜ਼ਿਆਦਾ ਆਰਾਮਦਾਇਕ ਕੁਰਸੀ 'ਤੇ ਬਿਠਾਉਣ ਵਿਚ ਉਸ ਦੀ ਮਦਦ ਕੀਤੀ। ਉਨ੍ਹਾਂ ਨੂੰ ਦੱਸਿਆ ਗਿਆ ਕਿ ਪੈਰਾਮੈਡਿਕਸ ਰਸਤੇ ਵਿਚ ਹਨ ਪਰ ਉਹ 10 ਘੰਟੇ ਤਕ ਵੀ ਨਹੀਂ ਪਹੁੰਚੇ। ਉਡੀਕ ਦੌਰਾਨ ਉਸ ਦੇ ਪੁੱਤਰ ਨੇ ਚਾਰ ਜਾਂ ਪੰਜ ਵਾਰ ਫੋਨ ਕੀਤਾ।

# ਬੀ.ਸੀ. ਦੇ ਜਨਤਕ ਖੇਤਰ ਦੇ ਹੋਰ ਯੂਨੀਅਨਾਂ ਨੇ ਹੜਤਾਲ ਦੀ ਦਿੱਤੀ ਧਮਕੀ

ਵਿਕਟੋਰੀਆ-ਸਰਕਾਰੀ ਲਾਇਸੰਸਸ਼ੁਦਾ ਪੇਸ਼ੇਵਰ ਦੀ ਪ੍ਰਤੀਨਿਧਤਾ ਕਰਦੀ ਯੂਨੀਅਨ ਵਲੋਂ ਇਹ ਕਹਿਣ ਕਿ ਉਹ 72 ਘੰਟੇ ਦੀ ਹੜਤਾਲ ਦਾ ਨੋਟਿਸ ਜਾਰੀ ਕਰੇਗੀ ਪਿੱਛੋਂ ਜਨਤਕ ਖੇਤਰ ਦੇ ਹੋਰ ਕਾਮੇ ਬ੍ਰਿਟਿਸ਼ ਕੋਲੰਬੀਆ ਜਨਰਲ ਇੰਪਲਾਈਜ਼ ਯੂਨੀਅਨ ਵਿਚ ਸ਼ਾਮਿਲ ਹੋ ਸਕਦੇ ਹਨ। ਪ੍ਰੋਫੈਸ਼ਨਲ ਇੰਪਲਾਈਜ਼ ਐਸੋਸੀਏਸ਼ਨ ਜਿਹੜੀ 1200 ਲਾਇਸੰਸਸ਼ੁਦਾ ਪੇਸ਼ੇਵਰਾਂ ਜਿਨ੍ਹਾਂ ਵਿਚ ਖੇਤੀ ਵਿਗਿਆਨੀ, ਇੰਜਨੀਅਰ, ਜੰਗਲਾਤ, ਭੂ-ਵਿਗਿਆਨੀ, ਫਰਮਾਸਿਸਟ, ਮਨੋਵਿਗਿਆਨੀ ਅਤੇ ਪਸ਼ੂਆਂ ਦੇ ਡਾਕਟਰ ਸ਼ਾਮਿਲ ਹਨ ਦੀ ਪ੍ਰਤੀਨਿਧਤਾ ਕਰਦੀ ਹੈ ਨੇ ਕਿਹਾ ਕਿ ਉਹ ਬੀਸੀਜੀਈਯੂ ਦੀ ਹੜਤਾਲ ਵਿਚ ਸ਼ਾਮਿਲ ਹੋਣ ਲਈ ਤਿਆਰ ਹੈ ਜਿਹੜੀ ਸੋਮਵਾਰ ਤੋਂ ਸ਼ੁਰੂ ਹੋਵੇਗੀ। ਪੀਈਏ ਨਾਲ ਲੇਬਰ ਮਾਮਲਿਆਂ ਦੀ ਅਫਸਰ ਮੇਲੀਸਾ ਮੋਰੇਜ਼ ਨੇ ਕਿਹਾ ਕਿ ਜੇਕਰ ਜ਼ਰੂਰੀ ਹੋਇਆ ਤਾਂ ਅਸੀਂ ਕਾਰਵਾਈ ਕਰਨ ਲਈ ਤਿਆਰ ਹਾਂ। ਅਸੀਂ ਇਹ ਬੀਸੀਜੀਈਯੂ ਨਾਲ ਤਾਮਲੇਲ ਕਰਕੇ ਕਰਨ ਜਾ ਰਹੇ ਹਾਂ। ਮੋਰੇਜ਼ ਨੇ ਇਸ ਗੱਲ ਦਾ ਵੇਰਵਾ ਨਹੀਂ ਦਿੱਤਾ ਕਿ ਕਾਨੂੰਨੀ ਹੜਤਾਲ ਕਿਸ ਤਰ੍ਹਾਂ ਦੀ ਹੋ ਸਕਦੀ ਹੈ। ਯੂਨੀਅਨ ਨੇ 11 ਅਪ੍ਰੈਲ ਨੂੰ ਪਬਲਿਕ ਸਰਵਿਸ ਏਜੰਸੀ ਨਾਲ ਸੌਦੇਬਾਜ਼ੀ ਸ਼ੁਰੂ ਕੀਤੀ ਸੀ ਅਤੇ 16 ਮਈ ਨੂੰ ਅੜਿੱਕਾ ਪੈਦਾ ਹੋ ਗਿਆ ਸੀ ਜਦੋਂ ਸਰਕਾਰ ਵਲੋਂ ਤਨਖਾਹਾਂ ਵਿਚ ਵਾਧੇ ਦੀ ਪੇਸ਼ਕਸ਼ ਰਹਿਣ ਸਹਿਣ ਦੀ ਵੱਧ ਰਹੀ ਲਾਗਤ ਨੂੰ ਹੱਲ ਕਰਨ ਵਿਚ ਨਾਕਾਮ ਰਹੀ ਸੀ। ਯੂਨੀਅਨ ਮੈਂਬਰਾਂ ਨੇ ਜੂਨ ਵਿਚ ਹੜਤਾਲ ਦੇ ਪੱਖ ਵਿਚ 92 ਫ਼ੀਸਦੀ ਵੋਟਾਂ ਦਿੱਤੀਆਂ ਸਨ। ਮੋਰੇਜ਼ ਨੇ ਕਿਹਾ ਕਿ ਯੂਨੀਅਨ ਤਨਖਾਹਾਂ ਵਿਚ ਤਿੰਨ ਸਾਲਾਂ ਤੋਂ ਹਰੇਕ ਲਈ ਪੰਜ ਫ਼ੀਸਦੀ ਵਾਧੇ ਜਾਂ ਰਹਿਣ ਸਹਿਣ ਦੀ ਲਾਗਤ ਦੀ ਅਨੁਕੂਲਤਾ ਜਿਹੜੀ ਵੀ ਵੱਧ ਹੋਵੇ ਦੀ ਮੰਗ ਕਰ ਰਹੀ ਹੈ। ਬੀਸੀਜੀਈਯੂ ਜਿਹੜੀ 33000 ਸੂਬਾ ਸਰਕਾਰ ਦੇ ਵਰਕਰਾਂ ਦੀ ਪ੍ਰਤੀਨਿਧਤਾ ਕਰਦੀ ਹੈ 950 ਸ਼ਰਾਬ ਵਿਤਰਣ ਤੇ ਥੋਕ ਕਾਮਿਆਂ ਦੀ ਹੜਤਾਲ ਨਾਲ ਆਪਣੇ ਟੀਚੇ ਵਾਲੀ ਕਾਰਵਾਈ ਦੇ ਤੀਸਰੇ ਦਿਨ ਵਿਚ ਚਲ ਰਹੀ ਹੈ। ਇਸ ਦਾ ਮਤਲਬ ਬੀਸੀ ਕਾਰੋਬਾਰਾਂ ਵਿਚ ਸ਼ਰਾਬ ਜਾਂ ਭੰਗ ਉਤਪਾਦਾਂ ਦਾ ਵਿਤਰਣ ਨਹੀਂ ਹੋ ਰਿਹਾ ਜਿਸ ਤੋਂ ਮਹਿਮਾਨਨਿਵਾਜ਼ੀ ਉਦਯੋਗ ਚਿੰਤਤ ਹੈ।

ਓਸ਼ਨ ਵਿਊ ਫਿਸ਼ ਕੈਨਰੀ

OCEAN VIEW FISH CANNERY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



604-594-0616

# ਵਿਰਾਸਤ ਐਲਾਨੀ ਗਈ ਸ਼ੇਰ-ਏ-ਪੰਜਾਬ ਦੀ ਹਵੇਲੀ ਢਹਿ ਗਈ

ਗੁੱਜਰਾਂਵਾਲਾ-ਪਾਕਿਸਤਾਨ ਸਰਕਾਰ ਦੀ ਲਾਪਰਵਾਹੀ ਕਾਰਨ ਮਹਾਰਾਜਾ ਰਣਜੀਤ ਸਿੰਘ ਦੀ ਪਾਕਿਸਤਾਨ ਦੇ ਗੁੱਜਰਾਂਵਾਲਾ ਵਿਚਲੀ ਜੱਦੀ ਹਵੇਲੀ ਦੀ ਛੱਤ ਕੱਲ੍ਹ ਢਹਿ ਗਈ। ਕੁਝ ਦਿਨ ਪਹਿਲਾਂ ਅਧਿਕਾਰੀਆਂ ਨੇ ਇਸ ਨੂੰ ਸੁਰੱਖਿਅਤ ਐਲਾਨਿਆ ਤੇ ਇਸ ਨੂੰ ਇਤਿਹਾਸਕ ਟੂਰਿਜ਼ਮ ਵਿੱਚ ਬਦਲਣ ਦੀ ਗੱਲ ਕਹੀ ਸੀ। ਜ਼ਿਲ੍ਹੇ ਦੇ ਸਹਾਇਕ ਕਮਿਸ਼ਨਰ ਨੇ ਸਬੰਧਤ ਵਿਭਾਗ ਦੇ ਅਧਿਕਾਰੀਆਂ ਨਾਲ ਹਵੇਲੀ ਦਾ ਦੌਰਾ ਕੀਤਾ ਅਤੇ ਇਸ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਦੱਸ ਕੇ ਐਲਾਨ ਕੀਤਾ ਸੀ ਕਿ ਸੈਲਾਨੀਆਂ ਲਈ, ਖਾਸ ਤੌਰ ਉੱਤੇ ਭਾਰਤ ਤੋਂ ਆਉਣ ਵਾਲੇ ਸਿੱਖ ਯਾਤਰੀਆਂ ਲਈ ਇਸ ਨੂੰ ਖੋਲ੍ਹ ਦਿੱਤਾ ਜਾਵੇਗਾ। ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਜਨਮ 13 ਨਵੰਬਰ 1780 ਨੂੰ ਇਸੇ ਹਵੇਲੀ ਵਿੱਚ ਹੋਇਆ ਸੀ। ਦੁਨੀਆ ਭਰ ਦੇ ਸਿੱਖਾਂ ਲਈ ਇਸ ਹਵੇਲੀ ਦਾ ਖਾਸ ਮਹੱਤਵ ਹੈ।18ਵੀਂ ਸਦੀ ਵਿੱਚ ਇਸ ਦੇ ਆਸਪਾਸ ਹਰਿਆਲੀ ਅਤੇ ਖੁੱਲ੍ਹੀ ਥਾਂ ਸੀ, ਪਰ ਇਸ ਵੇਲੇ ਇਸ ਦੇ ਆਸਪਾਸ ਬਹੁਤ ਭੀੜ ਭੜੱਕੇ ਵਾਲਾ ਮਾਹੌਲ ਹੈ, ਕਿਉਂਕਿ ਇੱਥੇ ਨਾਜਾਇਜ਼ ਨਿਰਮਾਣ ਹੋ ਚੁੱਕੇ ਹਨ। ਸਥਾਨਕ ਲੋਕਾਂ ਵੱਲੋਂ ਸ਼ੇਅਰ ਕੀਤੇ ਵੀਡੀਓ ਵਿੱਚ ਪਤਾ ਲੱਗਦਾ ਹੈ ਕਿ ਜਿਹੜੀ ਜਾਇਦਾਦ ਮਹਾਰਾਜਾ ਰਣਜੀਤ ਸਿੰਘ ਦੇ ਪਿਤਾ ਮਹਾਂ ਸਿੰਘ ਦੇ ਰੁਤਬੇ ਦਾ ਨਿਸ਼ਾਨ ਸੀ, ਅੱਜ ਮਾੜੀ ਹਾਲਤ ਵਿੱਚ ਹੈ। ਇੱਕ ਸਥਾਨਕ ਵਿਅਕਤੀ ਨੇ ਕਿਹਾ ਕਿ ਹਵੇਲੀ ਸਾਹਮਣੇ ਨਾਜਾਇਜ਼ ਮੱਛੀ ਮਾਰਕੀਟ ਹੈ। ਇਸ ਵਿਰਾਸਤੀ ਹਵੇਲੀ ਦੀ ਮੁਰੰਮਤ ਲਈ ਕਈ ਵਾਰੀ ਫੰਡ ਜਾਰੀ ਕੀਤੇ ਗਏ, ਪਰ ਇਮਾਰਤ ਦੀ ਛੱਤ ਡਿੱਗਣਾ ਸਰਕਾਰ ਦੀ ਨਾਕਾਮੀ ਨੂੰ ਦਰਸਾਉਂਦਾ ਹੈ। ਪਾਕਿਸਤਾਨ ਪੁਰਾਤੱਤਵ ਵਿਭਾਗ ਨੇ ਇਸ ਇਮਾਰਤ ਨੂੰ ਵਿਰਾਸਤੀ ਇਮਾਰਤ ਐਲਾਨਿਆ ਸੀ, ਪਰ ਇੱਥੇ ਅਧਿਕਾਰੀ ਬਹੁਤ ਘੱਟ ਆਉਂਦੇ ਹਨ। ਪਾਕਿਸਤਾਨ ਸਰਕਾਰ ਨੇ ਇਸ ਦੀ ਮੁਰੰਮਤ ਲਈ ਜਾਰੀ ਹੋਏ ਫੰਡ ਦੀ ਇੱਥੇ ਵਰਤੋਂ ਨਹੀਂ ਕੀਤੀ। ਖਬਰਾਂ ਵੀ ਹਨ ਕਿ ਸਰਕਾਰ ਨੇ ਹਵੇਲੀ ਦੇ ਇੱਕ ਹਿੱਸੇ ਨੂੰ ਕੂੜੇ ਦੇ ਡੰਪ ਵਿੱਚ ਤਬਦੀਲ ਕਰ ਦਿੱਤਾ ਸੀ, ਜਦ ਕਿ ਹੇਠਲੀ ਮੰਜ਼ਿਲ ਵਿੱਚ ਇੱਕ ਪੁਲਸ ਥਾਣਾ ਚੱਲ ਰਿਹਾ ਹੈ।




## ਉਘੇ ਨਾਵਲਕਾਰ ਮੋਹਣ ਕਾਹਲੋਂ ਦਾ ਦੇਹਾਂਤ

ਕੋਲਕਾਤਾ-ਪੰਜਾਬ ਵਿਚ 'ਬੇੜੀ ਤੇ ਬਰੇਤਾ' ਅਤੇ 'ਪਰਦੇਸੀ ਰੁੱਖ' ਜਿਹੇ ਮਹਾਂ-ਕਾਵਿਕ ਨਾਵਲ ਲਿਖਣ ਵਾਲੇ ਨਾਵਲਕਾਰ ਮੋਹਨ ਕਾਹਲੋਂ ਦਾ ਅੱਜ ਕੋਲਕਾਤਾ ਵਿਚ ਦਿਹਾਂਤ ਹੋ ਗਿਆ। ਉਹ 89 ਵਰ੍ਹਿਆਂ ਦੇ ਸਨ। ਮੋਹਨ ਕਾਹਲੋਂ ਨੇ 'ਮੱਛਲੀ ਇਕ ਦਰਿਆ ਦੀ', 'ਕਾਲੀ ਮਿੱਟੀ', 'ਗੋਰੀ ਨਦੀ ਦਾ ਗੀਤ', 'ਬਾਰਾਂਦਰੀ' 'ਵੈਹ ਗਏ ਪਾਣੀ' ਜਿਹੇ ਯਾਦਗਾਰੀ ਨਾਵਲ ਲਿਖੇ। ਮੋਹਨ ਕਾਹਲੋਂ ਦਾ ਜਨਮ ਟੇਕਾ ਛੰਨੀਆਂ, ਤਹਿਸੀਲ ਸ਼ੁਕਰਗੜ੍ਹ, ਜ਼ਿਲ੍ਹਾ ਗੁਰਦਾਸਪੁਰ ਵਿਚ ਹੋਇਆ। ਵੰਡ ਵੇਲੇ ਸ਼ੁਕਰਗੜ੍ਹ ਤਹਿਸੀਲ ਪਾਕਿਸਤਾਨ



ਵਿਚ ਚਲੀ ਗਈ ਅਤੇ ਉਨ੍ਹਾਂ ਦਾ ਪਰਿਵਾਰ ਉਜੜ ਕੇ ਭਾਰਤ ਵਿਚ ਪਹੁੰਚਿਆ। ਵੰਡ ਦਾ ਦਰਦ ਕਾਹਲੋਂ ਦੇ ਸਾਰੇ ਨਾਵਲਾਂ ਵਿਚ ਮੌਜੂਦ ਸੀ ਜਿਸ ਦੀ ਵੱਡੀ ਪੱਧਰ 'ਤੇ ਤਰਜਮਾਨੀ ਉਨ੍ਹਾਂ ਦੇ ਨਾਵਲ 'ਪਰਦੇਸੀ ਰੁੱਖ' ਵਿਚ ਹੋਈ। 'ਬੇੜੀ ਤੇ ਬਰੇਤਾ' ਕਰੜੀ, ਰੁੱਖੀ ਪਰ ਮੋਹ ਭਰੀ ਪੰਜਾਬੀ ਜ਼ਿੰਦਗੀ ਦਾ ਅਨੂਠਾ ਚਿਤਰਣ ਹੈ; ਇਸ ਨਾਵਲ ਦਾ ਰੂਸੀ, ਹਿੰਦੀ ਅਤੇ ਹੋਰ ਭਾਸ਼ਾਵਾਂ ਵਿਚ ਤਰਜਮਾ ਹੋਇਆ। ਮੋਹਨ ਕਾਹਲੋਂ ਅਤੇ ਉਨ੍ਹਾਂ ਦੀ ਹਮਸਫ਼ਰ ਦੀਪ ਮੋਹਿਦੀ ਦੋਵਾਂ ਨੇ ਪੰਜਾਬੀ ਸਾਹਿਤ ਵਿਚ ਵੱਡਾ ਹਿੱਸਾ ਪਾਇਆ। ਉਹ ਕੁਝ ਵਰ੍ਹਿਆਂ ਤੋਂ ਆਪਣੇ ਪੁੱਤਰ ਰਾਜਪਾਲ ਸਿੰਘ ਕਾਹਲੋਂ ਕੋਲ ਕੋਲਕਾਤਾ ਵਿਚ ਰਹਿ ਰਹੇ ਸਨ। ਰਾਵੀ ਦੀ ਪਿੱਠਭੂਮੀ ਵਿਚ ਲਿਖੇ ਨਾਵਲਾਂ ਵਿਚ ਮੋਹਨ ਕਾਹਲੋਂ ਨੇ ਉਸ ਇਲਾਕੇ ਅਤੇ ਇਲਾਕੇ ਦੇ ਲੋਕਾਂ ਦੀ ਜ਼ਿੰਦਗੀ ਨੂੰ ਬਲਵਾਨ ਭਾਸ਼ਾ ਵਿਚ ਚਿਤਰਿਆ।

## 100 ਸਾਲ ਤੋਂ ਵੱਧ ਸਮੇਂ ਤੋਂ ਖੇਤੀ ਕਰਨ ਬਦਲੇ ਐਬਟਸਫੋਰਡ ਦਾ ਪਰਿਵਾਰ ਸਨਮਾਨਿਤ

ਐਬਟਸਫੋਰਡ-ਸੂਬਾ ਸਰਕਾਰ ਤੋਂ ਐਬਟਸਫੋਰਡ ਵਿਚ ਬਰੈਡਨਰ ਫਾਰਮਜ਼ ਦੇ ਡੋਨਾਲਡਸਨ ਪਰਿਵਾਰ ਨੂੰ ਸੈਂਚੁਰੀ ਫਾਰਮ ਐਵਾਰਡ ਮਿਲਿਆ ਹੈ। ਐਵਾਰਡ ਉਨ੍ਹਾਂ ਫਾਰਮਾਂ, ਖੇਤਾਂ ਤੇ ਖੇਤੀਬਾੜੀ ਸੰਗਠਨਾਂ ਨੂੰ ਸਨਮਾਨਿਤ ਕਰਦਾ ਹੈ ਜਿਹੜੇ 100 ਸਾਲ ਜਾਂ ਜ਼ਿਆਦਾ ਸਮੇਂ ਤੋਂ ਖੇਤੀ ਵਿਚ ਲੱਗੇ ਹੋਏ ਹਨ ਅਤੇ ਉਹ ਪਰਿਵਾਰ ਜਿਹੜੇ 100 ਸਾਲ ਜਾਂ ਜ਼ਿਆਦਾ ਸਮੇਂ ਤੋਂ ਫਾਰਮ ਚਲਾ ਰਹੇ ਹਨ। ਬਰੈਡਨਰ ਫਾਰਮਜ਼ ਦੀ ਕਹਾਣੀ 1912 ਵਿਚ ਸ਼ੁਰੂ ਹੋਈ ਜਦੋਂ ਕੈਲੇਬ ਤੇ ਵਿਨਿਫ੍ਰੇਡ ਮੈਨੂਅਲ ਲੇਵਿਸਪੋਰਟ ਤੋਂ ਰੇਲਗੱਡੀ ਰਾਹੀਂ ਵੈਨਕੂਵਰ ਪੁੱਜੇ ਸਨ। ਮੈਨੂਅਲਜ਼ ਬ੍ਰੈਡਨਰ ਭਾਈਚਾਰੇ ਵਿਚ ਵੱਸ ਗਏ ਜਿਥੇ ਉਨ੍ਹਾਂ ਘੋੜਿਆਂ ਦੀ ਵਰਤੋਂ ਕਰਕੇ ਜ਼ਮੀਨ ਨੂੰ ਸਾਫ ਕੀਤਾ, ਇਕ ਫਾਰਮਹਾਊਸ ਬਣਾਇਆ ਅਤੇ ਡੈਫੋਡਿਲਜ਼, ਪੋਲਟਰੀ ਤੇ ਡੇਅਰੀ ਦਾ ਕੰਮ ਸ਼ੁਰੂ ਕੀਤਾ। ਫਾਰਮਹਾਊਸ ਅੱਜ ਵੀ ਕਿਸਾਨਾਂ ਦੇ ਪਰਿਵਾਰ ਦੀਆਂ ਮੌਜੂਦਾ ਪੀੜ੍ਹੀਆਂ ਨੇ ਕਾਇਮ ਰੱਖਿਆ ਹੋਇਆ ਹੈ।

## ਕੋਮੋਕਸ ਵੈਲੀ ਵਿਚ ਨੰਗਾ ਹੋਕੇ ਅਸ਼ਲੀਲ ਹਰਕਤਾਂ ਕਰਨ ਵਾਲਾ ਸ਼ੱਕੀ ਗ੍ਰਿਫ਼ਤਾਰ

ਸਰੀ-ਪਿਛਲੇ ਦਿਨੀ ਕੋਮੋਕਸ ਵੈਲੀ ਵਿਚ ਨੰਗਾ ਹੋਕੇ ਅਸ਼ਲੀਲ ਹਰਕਤਾਂ ਕਰਨ ਦੀਆਂ ਲੜੀਵਾਰ ਘਟਨਾਵਾਂ ਪਿੱਛੋਂ ਇਕ ਸ਼ੱਕੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਵੈਨਕੂਵਰ ਆਈਲੈਂਡ ਦੀ ਪੁਲਿਸ ਨੂੰ ਕਈ ਸ਼ਿਕਾਇਤਾਂ ਮਿਲੀਆਂ ਸਨ ਕਿ ਸਾਈਕਲ 'ਤੇ ਸਵਾਰ ਇਕ ਵਿਅਕਤੀ ਔਰਤਾਂ ਕੋਲ ਆ ਕੇ ਅਸ਼ਲੀਲ ਕਾਰੇ ਕਰਦਾ ਹੈ। ਇਹ ਘਟਨਾਵਾਂ ਸ਼ੁੱਕਰਵਾਰ ਸਵੇਰੇ ਸ਼ੁਰੂ ਹੋਈਆਂ ਜਦੋਂ ਔਰਤਾਂ ਆਈਡੀਅਨਜ਼ ਪਾਰਕ ਵਿਚ ਇਕ ਰਸਤੇ 'ਤੇ ਸੈਰ ਕਰ ਰਹੀਆਂ ਸਨ ਜਦੋਂ ਇਕ ਵਿਅਕਤੀ ਬਾਈਕ 'ਤੇ ਉਨ੍ਹਾਂ ਕੋਲੋਂ ਕਈ ਵਾਰ ਲੰਘਿਆ ਤੇ ਅਸ਼ਲੀਲ ਹਰਕਤਾਂ ਕੀਤੀਆਂ। ਬਾਅਦ ਦੁਪਹਿਰ ਕੁਮਿੰਗਸ ਰੋਡ ਵਿਖੇ ਸ਼ੇਰੈਟਨ ਰੋਡ ਦੇ ਨਾਲ ਰਸਤੇ 'ਤੇ ਸੈਰ ਕਰ ਰਹੀਆਂ ਦੋ ਔਰਤਾਂ ਨੇ ਵੀ ਇਸੇ ਤਰ੍ਹਾਂ ਦੀ ਸ਼ਿਕਾਇਤ ਕੀਤੀ। ਐਤਵਾਰ ਅੱਧੀ ਰਾਤ ਪਿੱਛੋਂ ਇਸ ਤਰ੍ਹਾਂ ਦੀ ਤੀਸਰੀ ਸ਼ਿਕਾਇਤ ਮਿਲੀ। ਪੁਲਿਸ ਨੇ ਸ਼ੱਕੀ ਨੂੰ ਲੱਭ ਕੇ ਗ੍ਰਿਫ਼ਤਾਰ ਕਰ ਲਿਆ ਹੈ। ਕੋਮੋਕਸ ਵੈਲੀ ਆਰਸੀਐਮਪੀ ਨੂੰ ਸ਼ੱਕ ਹੈ ਕਿ ਤਿੰਨੇ ਘਟਨਾਵਾਂ ਇਸੇ ਵਿਅਕਤੀ ਨੇ ਕੀਤੀਆਂ ਹਨ।

## ਫੈਡਰਲ ਸਰਕਾਰ ਵਲੋਂ ਚਾਰ ਨਵੀਆਂ ਪਾਸਪੋਰਟ ਸਰਵਿਸ ਸਾਈਟਾਂ ਦਾ ਐਲਾਨ

ਓਟਵਾ-ਫੈਡਰਲ ਸਰਕਾਰ ਸਮੁੱਚੇ ਕੈਨੇਡਾ ਵਿਚ ਨਵੀਆਂ ਪਾਸਪੋਰਟ ਸਰਵਿਸ ਥਾਵਾਂ ਨੂੰ ਜੋੜ ਰਹੀ ਹੈ ਕਿਉਂਕ ਅਰਜ਼ੀਆਂ ਦੀ ਪ੍ਰਕਿਰਿਆ ਦਾ ਬੈਕਲਾਗ ਬਣਿਆਂ ਹੋਇਆ ਹੈ। ਸਮਾਜਿਕ ਵਿਕਾਸ ਬਾਰੇ ਮੰਤਰੀ ਕਰੀਨਾ ਗੌਲਡ ਨੇ ਬੁੱਧਵਾਰ ਐਲਾਨ ਕੀਤਾ ਕਿ ਲੋਕ ਹੁਣ ਰੈੱਡ ਡੀਅਰ, ਅਲਬਰਟਾ, ਸੌਲਟ ਸਟੀ ਮੈਰੀ, ਓਨਟਾਰੀਓ, ਟਰੋਇਸ ਰਿਵਰਜ਼ ਕਿਊਬਕ ਅਤੇ ਸ਼ਾਰਲੋਟਟਾਊਨ ਪੀਈਆਈ ਵਿਖੇ ਪਾਸਪੋਰਟ ਅਪਲਾਈ ਕਰ ਸਕਦੇ ਹਨ ਤੇ ਲੈ ਸਕਦੇ ਹਨ। ਅਪ੍ਰੈਲ ਵਿਚ ਜਦੋਂ ਦਾ ਮਹਾਂਮਾਰੀ ਪਾਬੰਦੀਆਂ ਨਰਮ ਕੀਤੀਆਂ ਅਤੇ ਕੈਨੇਡੀਅਨਾਂ ਨੇ ਸਫਰ ਕਰਨਾ ਸ਼ੁਰੂ ਕੀਤਾ ਹੈ ਉਸ ਸਮੇਂ ਤੋਂ ਨਵੇਂ ਪਾਸਪੋਰਟ ਬਣਾਉਣ ਤੇ ਪਾਸਪੋਰਟ ਨਵਿਆਉਣ ਲਈ ਲਗਪਗ 11 ਲੱਖ ਅਰਜ਼ੀਆਂ ਦਾਇਰ ਕੀਤੀਆਂ ਗਈਆਂ ਹਨ। ਇਨ੍ਹਾਂ ਅਰਜ਼ੀਆਂ ਵਿਚੋਂ ਇਕ ਚੌਥਾਈ ਤੋਂ ਵੀ ਵੱਧ 'ਤੇ ਇਸ ਮਹੀਨੇ ਦੇ ਸ਼ੁਰੂ ਵਿਚ ਅਜੇ ਤਕ ਕੋਈ ਕਾਰਵਾਈ ਨਹੀਂ ਸੀ ਕੀਤੀ ਗਈ।




# ਬਾਬਾ ਨਜ਼ਮੀ ਦੇ ਨਿਵੇਕਲੇ ਅੰਦਾਜ਼ ਅਤੇ ਸ਼ਾਇਰੀ ਨੇ ਸਰੋਤਿਆਂ ਨੂੰ ਮੋਹ ਲਿਆ

## ਕੇਂਦਰੀ ਪੰਜਾਬੀ ਲੇਖਕ ਸਭਾ (ਉੱਤਰੀ ਅਮਰੀਕਾ) ਵੱਲੋਂ ਬਾਬਾ ਨਜ਼ਮੀ ਦਾ ਸਨਮਾਨ





ਸਰੀ (ਹਰਦਮ ਮਾਨ)- ਕੇਂਦਰੀ ਪੰਜਾਬੀ ਲੇਖਕ ਸਭਾ (ਉੱਤਰੀ ਅਮਰੀਕਾ) ਵੱਲੋਂ ਸੀਨੀਅਰ ਸਿਟੀਜ਼ਨ ਸੈਂਟਰ, ਸਰੀ ਵਿਚ ਕਰਵਾਏ ਗਏ ਸਮਾਗਮ ਦੌਰਾਨ ਲਹਿੰਦੇ ਪੰਜਾਬ ਦੇ ਨਾਮਵਰ ਪੰਜਾਬੀ ਸ਼ਾਇਰ ਬਾਬਾ ਨਜਮੀ ਨੇ ਆਪਣੇ ਨਿਵੇਕਲੇ ਅੰਦਾਜ਼ ਅਤੇ ਸ਼ਾਇਰੀ ਰਾਹੀਂ ਸਰੋਤਿਆਂ ਦੀ ਖੂਬ ਵਾਹ ਵਾਹ ਖੱਟੀ। ਇਸ ਮੌਕੇ



ਬਾਬਾ ਨਜਮੀ ਅਤੇ ਉਨ੍ਹਾਂ ਦੀ ਸ਼ਾਇਰੀ ਬਾਰੇ ਵਿਚਾਰ ਪੇਸ਼ ਕਰਦਿਆਂ ਡਾ. ਪ੍ਰਿਥੀਪਾਲ ਸਿੰਘ ਸੋਹੀ ਨੇ ਕਿਹਾ ਕਿ ਬਾਬਾ ਨਜਮੀ ਆਪਣੀ ਸ਼ਾਇਰੀ ਰਾਹੀਂ 150 ਦੇਸ਼ਾਂ ਵਿਚ ਵਸ ਰਹੇ ਗਲੋਬਲ ਪੰਜਾਬ ਦੇ ਪੰਜਾਬੀਆਂ ਨੂੰ ਧਰਮ, ਰੰਗ, ਨਸਲ, ਜਾਤ ਪਾਤ ਦੀਆਂ ਵਲਗਣਾ ਨੂੰ ਤਿਆਗਣ, ਆਪਣੀ ਮਾਂ ਬੋਲੀ ਨਾਲ ਨੂੰ ਪਿਆਰ ਕਰਨ ਅਤੇ ਪੰਜਾਬੀਆਂ ਦੀ ਸਾਂਝ ਨੂੰ ਪਕੇਰਾ ਕਰਨ ਦਾ ਬਹੁਤ ਵੱਡਾ ਕਾਰਜ ਕਰ ਰਹੇ ਹਨ। ਉਹ ਇਨਸਾਨੀਅਤ ਦਾ ਸੁਨੇਹਾ ਦੇ ਰਹੇ ਹਨ ਅਤੇ ਮਜ਼ਦੂਰਾਂ, ਦੱਬੇ ਕੁਚਲੇ ਲੋਕਾਂ ਨੂੰ ਆਪਣੀ ਤਾਕਤ ਪਛਾਨਣ ਦਾ ਹੋਕਾ ਦੇ ਰਹੇ ਹਨ। ਕੈਨੇਡਾ ਦੇ ਸਾਹਿਤਕ ਅਤੇ ਸੱਭਿਆਚਾਰ ਖੇਤਰ ਦੀ ਨਾਮਵਰ ਸ਼ਖ਼ਸੀਅਤ ਇਕਬਾਲ ਮਾਹਲ ਨੇ ਬਾਬਾ ਨਜਮੀ ਨਾਲ ਆਪਣੀ ਦੋਸਤੀ ਦਾ ਜ਼ਿਕਰ ਕੀਤਾ ਅਤੇ ਉਨ੍ਹਾਂ ਦੀ ਸਮੁੱਚੀ ਸ਼ਾਇਰੀ ਨੂੰ ਗੁਰਮੁਖੀ ਲਿਪੀਅੰਤਰ ਵਿਚ ਕਿਤਾਬੀ ਰੂਪ ਵਿਚ ਪਾਠਕਾਂ ਤੀਕ ਪੁਚਾਉਣ ਦੇ ਆਪਣੇ ਕਾਰਜ ਬਾਰੇ ਦੱਸਿਆ। ਸਭਾ ਦੇ ਪ੍ਰਧਾਨ ਪ੍ਰਿਤਪਾਲ ਗਿੱਲ, ਇੰਦਰ ਪਾਲ ਸੰਧੂ, ਸੰਤੋਖ ਸਿੰਘ ਮੰਡੇਰ, ਸ਼ੌਕਤ ਅਲੀ ਖਾਨ, ਪ੍ਰੋ. ਕਸ਼ਮੀਰਾ ਸਿੰਘ, ਸੁਰਜੀਤ ਕਲਸੀ ਅਤੇ ਪਰਮਿੰਦਰ ਸਵੈਚ ਨੇ ਵੀ ਬਾਬਾ ਨਜਮੀ ਨੂੰ ਕ੍ਰਾਂਤੀਕਾਰੀ ਮਹਾਨ ਕਵੀ ਕਿਹਾ। ਹਰਚੰਦ ਸਿੰਘ ਗਿੱਲ, ਬਿੱਕਰ ਸਿੰਘ ਖੋਸਾ, ਸੁਰਜੀਤ ਮਾਧੋਪੁਰੀ, ਹਰਚੰਦ ਬਾਗੜੀ ਅਤੇ ਹਰਚੰਦ ਸਿੰਘ ਗਿੱਲ ਨੇ ਕਾਵਿਕ ਰਚਨਾਵਾਂ ਰਾਹੀਂ ਬਾਬਾ ਨਜਮੀ ਨੂੰ ਜੀ ਆਇਆਂ ਕਿਹਾ। ਬਾਬਾ ਨਜਮੀ ਨੇ ਆਪਣੇ ਮਿਹਨਤਕਸ਼ ਜੀਵਨ ਬਾਰੇ ਸੰਖੇਪ ਵਿਚ ਜਾਣਕਾਰੀ ਦਿੰਦਿਆਂ ਕਿਹਾ ਕਿ ਉਸ ਨੇ ਗਰੀਬੀ, ਮਜ਼ਦੂਰੀ, ਤੰਗਦਸਤੀ ਆਪਣੇ ਪਿੰਡੇ ਤੇ ਹੰਢਾਈ ਹੈ ਅਤੇ ਇਹ ਸ਼ਾਇਰੀ ਵੀ ਉਸੇ ਮਿਹਨਤੀ ਪਸੀਨੇ ਦੀ ਉਪਜ ਹੈ। ਉਨ੍ਹਾਂ ਲਗਾਤਾਰ ਆਪਣੀਆਂ ਕਵਿਤਾਵਾਂ, ਗ਼ਜ਼ਲਾਂ, ਸ਼ਿਅਰਾਂ ਦੀ ਬੁਲੰਦ ਪੇਸ਼ਕਾਰੀ ਰਾਹੀਂ ਸਰੋਤਿਆਂ ਤੋਂ ਖੂਬ ਦਾਦ ਹਾਸਲ ਕੀਤੀ।

ਦਿਲ ਸਮੁੰਦਰ ਰਹਿਣ ਨਹੀਂ ਦਿੱਤਾ
ਫਾਦਰ, ਪੰਡਤ, ਮੁੱਲਾਂ ਨੇ।
ਸਭ ਨੂੰ ਰਲ ਕੇ ਬਹਿਣ ਨਹੀਂ ਦਿੱਤਾ
ਫਾਦਰ, ਪੰਡਤ, ਮੁੱਲਾਂ ਨੇ।
ਅੱਖਰਾਂ ਵਿਚ ਸਮੁੰਦਰ ਰੱਖਾਂ,
ਮੈਂ ਇਕਬਾਲ ਪੰਜਾਬੀ ਦਾ।
ਝੱਖੜਾਂ ਦੇ ਵਿਚ ਰੱਖ ਦਿੱਤਾ ਏ,
ਦੀਵਾ ਬਾਲ ਪੰਜਾਬੀ ਦਾ।
ਅੱਗ ਵੀ ਹਿੰਮਤੋਂ ਬਹੁਤੀ ਦਿੱਤੀ,
ਫਿਰ ਵੀ ਭਾਂਡੇ ਪਿੱਲੇ ਰਹੇ।
ਭਾਂਬੜ ਜਹੀਆਂ ਧੁੱਪਾਂ ਵਿਚ ਵੀ,
ਮੇਰੇ ਲੀੜੇ ਗਿੱਲੇ ਰਹੇ।
ਮਸਜਦ ਮੇਰੀ ਤੂੰ ਕਿਉਂ ਢਾਵੇਂ ਮੈਂ ਕਿਉਂ ਤੋੜਾਂ ਮੰਦਰ ਨੂੰ।
ਆ ਜਾ ਦੋਵੇਂ ਬਹਿ ਕੇ ਪੜ੍ਹੀਏ ਇੱਕ ਦੂਜੇ ਦੇ ਅੰਦਰ ਨੂੰ।

ਸਭਾ ਵੱਲੋਂ ਇਸ ਮੌਕੇ ਬਾਬਾ ਨਜਮੀ ਅਤੇ ਇਕਬਾਲ ਮਾਹਲ ਦਾ ਸਨਮਾਨ ਕੀਤਾ ਗਿਆ। ਸਮਾਗਮ ਵਿਚ ਸਾਹਿਤ ਅਤੇ ਵਿਦਿਅਕ ਖੇਤਰ ਦੀਆਂ ਅਹਿਮ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ। ਸਮੁੱਚੇ ਪ੍ਰੋਗਰਾਮ ਦਾ ਸੰਚਾਲਨ ਸਭਾ ਦੇ ਜਨਰਲ ਸਕੱਤਰ ਪਲਵਿੰਦਰ ਸਿੰਘ ਰੰਧਾਵਾ ਨੇ ਬਾਖੂਬੀ ਕੀਤਾ।



*We Can Help You Sell Your House!*

**Satvir Cheema**
**604-240-9148**



CENTURY 21 Coastal Realty Ltd.

#105-7928 128th St., Surrey, BC, V3W 4E8

satvir.cheema@century21.ca

PUNJAB LINK

# ਪੰਜਾਬ ਲਿੰਕ

ਸਨਿਚਰਵਾਰ, 20 ਅਗਸਤ, 2022

ਰਿਅਲ ਅਸਟੇਟ | REAL ESTATE

www.punjablinkpaper.com 604-503-5465

*For All Your Real Estate Needs*

**Amrik Cheema**
*PREC
**604-369-7000**

CENTURY 21 Coastal Realty Ltd.

#105-7928 128th St., Surrey, BC, V3W 4E8



info@amrikcheema.com

# ਕੈਨੇਡਾ ਵਿਚ ਘਰਾਂ ਦੀ ਵਿਕਰੀ ਲਗਾਤਾਰ ਪੰਜਵੇਂ ਮਹੀਨੇ ਘਟੀ



ਓਟਵਾ-ਕੈਨੇਡੀਅਨ ਰੀਅਲ ਅਸਟੇਟ ਐਸੋਸੀਏਸ਼ਨ (ਸੀਆਰਈਏ) ਨੇ ਕਿਹਾ ਕਿ ਕੈਨੇਡਾ ਵਿਚ ਜੂਨ ਤੇ ਜੁਲਾਈ ਵਿਚਕਾਰ ਲਗਾਤਾਰ ਪੰਜਵੇਂ ਮਹੀਨੇਂ ਮਕਾਨਾਂ ਦੀ ਵਿਕਰੀ ਘੱਟ ਰਹੀ ਹੈ। ਐਸੋਸੀਏਸ਼ਨ ਨੇ ਕਿਹਾ ਕਿ ਸੀਜ਼ਨਲ ਅਨੁਕੂਲਤਾ ਦੇ ਆਧਾਰ 'ਤੇ ਜੁਲਾਈ ਵਿਚ ਘਰਾਂ ਦੀ ਵਿਕਰੀ ਜੂਨ ਦੇ ਮੁਕਾਬਲੇ 5.3 ਫ਼ੀਸਦੀ ਘਟੀ ਹੈ। ਅਸਲ ਵਿਚ ਪਿਛਲੇ ਮਹੀਨੇ 37975 ਮਕਾਨਾਂ ਦੀ ਵਿਕਰੀ ਹੋਈ ਜਿਹੜੀ ਪਿਛਲੇ ਸਾਲ ਜੁਲਾਈ ਦੀ ਤੁਲਨਾ ਵਿਚ 29 ਫ਼ੀਸਦੀ ਘੱਟ ਹੈ। ਔਸਤਨ ਵਿਕਰੀ ਕੀਮਤ 629971 ਡਾਲਰ ਰਹੀ ਜਿਹੜੀ ਪਿਛਲੇ ਸਾਲ ਜੁਲਾਈ ਵਿਚ 662924 ਦੇ ਮੁਕਾਬਲੇ ਪੰਜ ਫ਼ੀਸਦੀ ਘੱਟ ਹੈ। ਸੀਜ਼ਨਲ ਅਨੁਕੂਲਤਾ ਦੇ ਆਧਾਰ 'ਤੇ ਇਹ ਕੀਮਤ 650760 ਡਾਲਰ ਰਹੀ ਜਿਹੜੀ ਜੂਨ ਤੋਂ ਤਿੰਨ ਫ਼ੀਸਦੀ ਘੱਟ ਹੈ। ਗਰੇਟਰ ਵੈਨਕੂਵਰ ਤੇ ਟੋਰਾਂਟੋ ਦੇ ਇਲਾਕਿਆਂ ਨੂੰ ਛੱਡ ਕੇ ਕੌਮੀ ਔਸਤ ਕੀਮਤ ਵਿਚ 104000 ਡਾਲਰ ਦੀ ਕਟੌਤੀ ਰਹੀ। ਸੀਆਰਈਏ ਦੇ ਚੇਅਰ ਜਿਲ ਓਡਿਲ ਦਾ ਕਹਿਣਾ ਕਿ ਇਸ ਤਰ੍ਹਾਂ ਦੀ ਗਿਣਤੀ ਦਾ ਰੁਝਾਨ ਕਈ ਮਹੀਨਿਆਂ ਤੋਂ ਲਗਾਤਾਰ ਚੱਲ ਰਿਹਾ ਹੈ ਅਤੇ ਇਸ ਦੇ ਨਤੀਜੇ ਵਜੋਂ ਖੁੰਜੇ ਲੱਗੇ ਖਰੀਦਦਾਰ ਜ਼ਿਆਦਾ ਚੋਣ ਲੱਭਣ ਲਈ ਮਾਰਕੀਟ ਵਿਚ ਮੁੜ ਦਾਖਲ ਹੋਣਗੇ ਪਰ ਉਹ ਉਨੇ ਨਹੀਂ ਹੋਣਗੇ ਜਿੰਨੀ ਆਸ ਕੀਤੀ ਜਾ ਸਕਦੀ ਹੈ। ਉਸ ਨੇ ਦੱਸਿਆ ਕਿ ਜੁਲਾਈ ਵਿਚ ਲਿਸਟਿੰਗਸ 73436 ਮਕਾਨ ਰਹੇ ਜਿਹੜੀ ਪਿਛਲੀ ਜੁਲਾਈ ਤੋਂ 6 ਫ਼ੀਸਦੀ ਘੱਟ ਹੈ ਅਤੇ ਸੀਜ਼ਨਲ ਅਨੁਕੂਲਤਾ ਦੇ ਆਧਾਰ 'ਤੇ ਜੂਨ ਤੋਂ ਪੰਜ ਫ਼ੀਸਦੀ ਘੱਟ ਹਨ।

**Offering Services For All Your Business and Real Estate Needs**

- Buying / Selling Businesses
- Conveyancing
- Restorations of Dissolved Companies
- Business Contracts
- Builder's Liens
- Commercial Lease Agreements
- Wills & Powers of Attorney
- Representation Agreements
- Property Sub-Divisions
- Contract Disputes

HUGHES & COMPANY LAW CORPORATION



www.hughesco.com CEDRIC HUGHES

**604.602.1828**

*HEAD OFFICE:*

**VANCOUVER**
**505-777 W. BROADWAY**

SUNNY SANGHA • PERSONAL REAL ESTATE CORPORATION

**14317 31A AVENUE, SURREY**




Architectural elegance at it's finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call now to book your private showing!

**#92 15111 EDMUND DRIVE**




Welcome to Townsend! This beautiful unit is one of the largest in the entire complex, boasting 1,976 sq ft. of living space. Built in 2019 by award-winning builder, Polygon, this beautiful townhome features 4 spacious bedrooms - 3 on the top floor, and 1 on the ground floor as guest quarters, 3.5 bathrooms, as well as a grand main floor which includes a large family room and separate dining area. The guest quarters on the ground floor feature a spacious bedroom and a full bathroom, and a double side-by-side garage. In addition to the double garage, there are an additional two parking spots outside. The home has been exceptionally maintained by its current owners. Call to book your private showing today.

**UNIT 2808 13615 FRASER HWY**




Welcome to King George Hub, built by PCI is one of the most sought-after locations in central Surrey. Move in or Invest in the fastest-growing city in BC. This bright north-facing unit is located in the master-planned community with all of your needs at your doorstep. The unit is finished with laminate flooring, quartz countertops, and wall-to-wall windows for natural light. The unit has one parking, one storage locker, and an already paid-for EV charger.

**LOT B 20444 46A AVENUE, LANGLEY**




9000 sqft lot available to build your dream home in Langley City's one of the best pockets. You can build a 3 story house on a flat rectangular lot. The location is close to all shopping and the newly approved sky train.

**LOT A 33734 MAYFAIR AVENUE, SURREY**

Welcome to Central Abbotsford this brand new three-lot subdivision. The lots will be ready to build in 4-6 months. You can build a 3600sqft home.



Sunny Sangha
604-356-5555

SUNNY SANGHA

CENTURY 21 Coastal Realty Ltd.

MEDALLION CLUB MEMBER

Ram Johal
604-356-5555



www.sunnysangha.com | info@sunnysangha.com

# ਕੈਨੇਡੀਅਨ ਰਾਮਗੜ੍ਹੀਆ ਸੋਸਾਇਟੀ ਨੇ ਮਹਾਨ ਸਿੱਖ ਇਮਾਰਤਸਾਜ਼ ਰਾਮ ਸਿੰਘ ਦਾ 164ਵਾਂ ਜਨਮ ਦਿਨ ਮਨਾਇਆ

## • ਰਾਮ ਸਿੰਘ ਆਰਕੀਟੈਕਟ ਦੀ ਤਸਵੀਰ ਸਿੱਖ ਅਜਾਇਬ ਘਰ ਸ੍ਰੀ ਅੰਮ੍ਰਿਤਸਰ ਵਿਚ ਸੁਸ਼ੋਭਿਤ ਕਰਨ ਦੀ ਮੰਗ • ਸ. ਰਾਮ ਸਿੰਘ ਦੇ ਜੀਵਨ 'ਤੇ ਬਣੀ ਪਹਿਲੀ ਦਸਤਾਵੇਜ਼ੀ ਫਿਲਮ ਕੀਤੀ ਰਿਲੀਜ਼

ਸਰੀ (ਹਰਦਮ ਮਾਨ)-ਕੈਨੇਡੀਅਨ ਰਾਮਗੜ੍ਹੀਆ ਸੋਸਾਇਟੀ ਵੱਲੋਂ ਗੁਰਦੁਆਰਾ ਸਾਹਿਬ ਬਰੁੱਕਸਾਈਡ ਸਰੀ ਵਿਖੇ ਆਧੁਨਿਕ ਸਿੱਖ ਇਮਾਰਤਸਾਜ਼ੀ ਦੇ ਬਾਨੀ ਸਰਦਾਰ ਬਹਾਦਰ ਰਾਮ ਸਿੰਘ ਦਾ 164ਵਾਂ ਜਨਮ ਦਿਵਸ ਮਨਾਇਆ ਗਿਆ। ਸਮਾਗਮ ਦਾ ਆਰੰਭ ਸੋਸਾਇਟੀ ਦੇ ਜਨਰਲ ਸਕੱਤਰ ਚਰਨਜੀਤ ਸਿੰਘ ਮਰਵਾਹਾ ਦੇ ਸਵਾਗਤੀ ਸ਼ਬਦਾਂ ਨਾਲ ਹੋਇਆ। ਸਮਾਗਮ ਦੇ ਮੁੱਖ ਬੁਲਾਰੇ ਜੈਤੇਗ ਸਿੰਘ ਅਨੰਤ ਨੇ ਮਹਾਨ ਇਮਾਰਤਸ਼ਾਜ਼ ਰਾਮ ਸਿੰਘ ਦੇ ਜੀਵਨ ਬਾਰੇ ਚਾਨਣਾ ਪਾਉਂਦਿਆਂ ਦੱਸਿਆ ਕਿ ਹੁਨਰਮੰਦ ਕਿਰਤੀ ਪਰਿਵਾਰ ਵਿਚ 1858 ਵਿਚ ਗੁਰਦਾਸਪਰ ਦੇ ਪਿੰਡ ਰਸੂਲਪੁਰ ਵਿਚ ਪੈਦਾ ਹੋਏ ਰਾਮ ਸਿੰਘ ਨੂੰ ਬਚਪਨ ਤੋਂ ਹੀ ਡਰਾਇੰਗ ਦਾ ਸ਼ੌਕ ਸੀ ਅਤੇ ਉਹ ਇਮਾਰਤਾਂ ਦੀ ਚਿੱਤਰਕਾਰੀ ਕਰਨ ਲੱਗ ਪਏ ਸਨ। ਉਨ੍ਹਾਂ ਵੱਲੋਂ ਲੱਕੜੀ ਉਪਰ ਕੀਤੀ ਨੱਕਾਸ਼ੀ ਅਤੇ ਮੀਨਾਕਾਰੀ ਦੀ ਕਲਾ ਉੱਪਰ ਮੇਓ ਕਾਲਜ ਲਾਹੌਰ ਦੇ ਪ੍ਰਿੰਸੀਪਲ ਮਿ: ਜੌਹਨ ਵੁਡ ਕਿਪਲਿੰਗ ਦੀ ਪਾਰਖੂ ਨਜ਼ਰ ਪਈ ਅਤੇ ਉਨ੍ਹਾਂ ਰਾਮ ਸਿੰਘ ਨੂੰ ਆਪਣੇ ਕਾਲਜ ਵਿੱਚ ਡਰਾਇੰਗ ਮਾਸਟਰ ਕਰਨ ਦੇ ਨਾਲ ਆਰਟ ਕਾਲਜ ਲਾਹੌਰ ਦੀ ਇਮਾਰਤ ਸਾਜ਼ੀ ਦੀ ਜ਼ਿੰਮੇਵਾਰੀ ਸੌਂਪ ਦਿੱਤੀ। ਰਾਮ ਸਿੰਘ ਨੇ ਆਰਕੀਟੈਕਟ, ਡੀਜ਼ਾਈਨ ਅਤੇ ਇਨਟੀਰਿਅਰ ਡੈਕੋਰੇਸ਼ਨ ਦੇ ਖੇਤਰ 'ਚ ਨਵੇਂ ਮੀਲ ਪੱਥਰ ਕਾਇਮ ਕੀਤੇ। ਜਿਨ੍ਹਾਂ ਵਿੱਚ ਖਾਲਸਾ ਕਾਲਜ ਅੰਮ੍ਰਿਤਸਰ, ਆਰਟ ਕਾਲਜ ਲਾਹੌਰ, ਐਟਕੀਸਨ ਕਾਲਜ ਲਾਹੌਰ, ਗਵਰਨਰ ਹਾਊਸ ਸ਼ਿਮਲਾ, ਲਾਹੌਰ ਮਿਊਜ਼ੀਅਮ, ਦਰਬਾਰ ਹਾਊਸ ਕਪੂਰਥਲਾ, ਚੰਬਾ ਹਾਊਸ ਲਾਹੌਰ, ਖੇਤੀਬਾੜੀ ਕਾਲਜ ਲਾਇਲਪੁਰ, ਇਸਲਾਮੀਆਂ ਵਰਸਿਟੀ ਪਿਸ਼ਾਵਰ, ਸ੍ਰੀ ਦਰਬਾਰ ਸਾਹਿਬ ਦੀ ਮਾਰਬਲਿੰਗ ਡਜ਼ਾਈਨਿੰਗ ਸ਼ਾਮਲ ਹਨ। ਪ੍ਰਿੰਸੀਪਲ ਮਿ: ਕਿਪਲਿੰਗ ਦੀ ਸ਼ਿਫਾਰਸ਼ ਅਤੇ ਮਲਕਾ ਵਿਕਟੋਰੀਆ ਦੀ ਮੰਗ 'ਤੇ ਇੰਗਲੈਂਡ ਵਿਚ ਬਿਲੀਆਰਡ ਰੂਮ ਡਿਊਕ ਆਫ ਕਨਾਟ ਬਾਗ ਦੇ ਅੰਦਰੂਨੀ ਸ਼ਿੰਗਾਰ ਵਿਚ ਦਿਖਾਏ ਆਪਣੇ ਹੁਨਰ ਦੇ ਕਮਾਲ ਰਾਹੀਂ ਰਾਮ ਸਿੰਘ ਨੇ ਮਲਕਾ ਵਿਕਟੋਰੀਆ ਦਾ ਦਿਲ ਜਿੱਤ ਲਿਆ। ਅੰਗਰੇਜ਼ੀ ਹਕੂਮਤ ਵੱਲੋਂ ਭਾਈ ਰਾਮ ਸਿੰਘ ਨੂੰ 1905 ਵਿਚ ਕੇਸਰ-ਇ-ਹਿੰਦ, 1907 ਵਿਚ ਸਰਦਾਰ ਸਾਹਿਬ, 1911 ਵਿਚ ਸਰਦਾਰ ਬਹਾਦਰ ਐਵਾਰਡ ਨਾਲ ਨਿਵਾਜਿਆ ਗਿਆ। ਸ. ਅਨੰਤ ਨੇ ਉਸ ਮਹਾਨ ਇਮਾਰਤਸਾਜ਼ ਨੂੰ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪੰਜਾਬ ਸਰਕਾਰ ਵੱਲੋਂ ਅਣਗੌਲਿਆਂ ਕਰਨ 'ਤੇ ਦੁੱਖ ਵੀ ਪ੍ਰਗਟ ਕੀਤਾ। ਕੈਨੇਡੀਅਨ ਰਾਮਗੜ੍ਹੀਆ ਸੋਸਾਇਟੀ ਦੇ ਪਬਲਿਕ ਰਿਲੇਸ਼ਨ ਸਕੱਤਰ ਸੁਰਿੰਦਰ ਸਿੰਘ ਜੱਬਲ ਨੇ ਕਿਹਾ ਕਿ ਰਾਮ ਸਿੰਘ ਸੋਹਲ, ਪੂਰਬੀ ਅਤੇ ਪੱਛਮੀ ਦੋਹਾਂ ਪੰਜਾਬਾਂ ਦੀ ਸਾਂਝੀ ਵਿਸ਼ਵ ਪੱਧਰੀ ਵਿਰਾਸਤ ਦੇ ਉੱਘੇ ਅਤੇ ਪਹਿਲੇ ਸਿੱਖ ਇਮਾਰਸਾਜ਼, ਮਹਾਨ ਆਰਕੀਟੈਕਚਰ ਅਤੇ ਇੰਟੀਰੀਅਰ ਡਿਜ਼ਾਇਨਰ ਸਨ। ਅੱਜ ਅਸੀਂ ਉਨ੍ਹਾਂ ਦਾ 164ਵਾਂ ਜਨਮ ਦਿਨ ਮਨਾ ਰਹੇ ਹਾਂ ਅਤੇ ਅਗਲੇ ਸਾਲ ਮਈ ਵਿਚ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦਾ 300 ਸਾਲਾ ਉਤਸਵ ਆ ਰਿਹਾ ਹੈ ਅਤੇ ਉਸ ਵਿਰਾਸਤ ਲੜੀ ਦੇ ਅਧੀਨ ਹੀ ਇਹ ਸਾਰੇ ਪ੍ਰੋਗਰਾਮ ਕਰ ਰਹੇ ਹਾਂ ਤਾਂ ਕਿ ਅਸੀਂ ਆਪਣੇ ਸਿੱਖ ਵਿਰਸੇ ਨੂੰ ਉਜਾਗਰ ਕਰ ਸਕੀਏ। ਸ. ਜੱਬਲ ਵੱਲੋਂ ਇਸ ਮੌਕੇ ਇਕ ਮਤਾ ਪੇਸ਼ ਕੀਤਾ ਗਿਆ ਜਿਸ ਰਾਹੀਂ ਸਿੱਖਾਂ ਦੀ ਪ੍ਰਮੁੱਖ ਸੰਸਥਾ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸੋਂ ਮੰਗ ਕੀਤੀ ਗਈ ਕਿ ਮਹਾਨ ਆਰਕੀਟੈਕਚਰ ਭਾਈ ਰਾਮ ਸਿੰਘ ਦੀ ਤਸਵੀਰ ਸਿੱਖ ਅਜਾਇਬ ਘਰ ਸ੍ਰੀ ਅੰਮ੍ਰਿਤਸਰ ਵਿਚ ਸੁਸ਼ੋਭਿਤ ਕੀਤੀ ਜਾਵੇ। ਕੈਨੇਡੀਅਨ ਰਾਮਗੜ੍ਹੀਆ ਸੋਸਾਇਟੀ ਦੇ ਬਾਨੀ ਪ੍ਰਧਾਨ ਮੋਤਾ ਸਿੰਘ ਝੀਤਾ, ਮੌਜੂਦਾ ਪ੍ਰਧਾਨ ਧਰਮ ਸਿੰਘ ਪਨੇਸਰ ਅਤੇ ਵਰਲਡ ਸਿੱਖ ਆਰਗੇਨਾਈਜੇਸ਼ਨ ਦੇ ਬਾਨੀ ਪ੍ਰਧਾਨ ਗਿਆਨ ਸਿੰਘ ਸੰਧੂ ਨੇ ਇਸ ਮਤੇ ਦੀ ਤਾਈਦ ਕਰਦਿਆਂ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਮੰਗ ਕੀਤੀ ਕਿ ਭਾਈ ਰਾਮ ਸਿੰਘ ਨੂੰ ਬਣਦਾ ਸਨਮਾਨ ਦਿੱਤਾ ਜਾਵੇ। ਇਸ ਮੌਕੇ ਲਹਿੰਦੇ ਪੰਜਾਬ ਦੇ ਪ੍ਰੋ. ਮੁਹੰਮਦ ਪਰਵੇਜ਼ ਵੰਦਲ ਅਤੇ ਪ੍ਰੋ. ਸਾਜਿਦਾ ਹੈਦਰ ਵੰਦਲ ਵੱਲੋਂ ਭਾਈ ਰਾਮ ਸਿੰਘ ਦੇ ਜੀਵਨ, ਕਲਾ, ਉਨ੍ਹਾਂ ਦੇ ਮਹਾਨ ਕਾਰਜਾਂ ਅਤੇ ਪ੍ਰਾਪਤੀਆਂ ਉਪਰ ਲਿਖੀ ਪਹਿਲੀ ਅਤੇ ਖੋਜ ਭਰਪੂਰ ਅੰਗਰੇਜ਼ੀ ਪੁਸਤਕ 'ਦਿ ਰਾਜ, ਲਾਹੌਰ ਐਂਡ ਭਾਈ ਰਾਮ ਸਿੰਘ' ਰਿਲੀਜ਼ ਕੀਤੀ ਗਈ। ਭਾਈ ਰਾਮ ਸਿੰਘ ਦੇ ਜੀਵਨ ਉੱਪਰ ਜੈਤੇਗ ਸਿੰਘ ਅਨੰਤ ਵੱਲੋਂ ਤਿਆਰ ਕੀਤੀ ਗਈ ਡਾਕੂਮੈਂਟਰੀ ਫਿਲਮ ਪ੍ਰਦਰਸ਼ਿਤ ਕੀਤੀ ਗਈ ਜਿਸ ਵਿਚ ਪ੍ਰੋ. ਮੁਹੰਮਦ ਪਰਵੇਜ਼ ਵੰਦਲ, ਪ੍ਰੋ. ਸਾਜਿਦਾ ਹੈਦਰ ਵੰਦਲ, ਪ੍ਰੋ. ਬਲਵਿੰਦਰ ਸਿੰਘ, ਡਾ. ਜਤਿੰਦਰ ਕੌਰ, ਐਸੋਸੀਏਟ ਪ੍ਰੋ. ਰਿਪੁਦਮਨ ਸਿੰਘ ਵੱਲੋਂ ਭਾਈ ਰਾਮ ਸਿੰਘ ਸੰਬੰਧੀ ਵੱਡਮੁੱਲੇ ਵਿਚਾਰ ਸਾਂਝੇ ਕੀਤੇ ਗਏ। ਅੰਤ ਵਿਚ ਕੈਨੇਡੀਅਨ ਰਾਮਗੜ੍ਹੀਆ ਸੋਸਾਇਟੀ ਦੇ ਪ੍ਰਧਾਨ ਧਰਮ ਸਿੰਘ ਪਨੇਸਰ ਨੇ ਸਭਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਰਿੰਦਰ ਸਿੰਘ ਗਹੀਰ, ਇੰਦਰਜੀਤ ਸਿੰਘ ਪਨੇਸਰ, ਰਾਜਿੰਦਰ ਸਿੰਘ ਪੰਧੇਰ, ਬਿੱਕਰ ਸਿੰਘ ਖੋਸਾ, ਚਰਨ ਸਿੰਘ ਵਿਰਦੀ, ਬਲਿੰਦਰ ਸਿੰਘ ਢੀਂਡਸਾ, ਬੂੰਤਾ ਸਿੰਘ ਸੱਭਰਵਾਲ, ਮੋਹਿੰਦਰ ਸਿੰਘ ਫਲੋਰੇ, ਨਿਰਮਲ ਸਿੰਘ ਕਲਸੀ, ਦਵਿੰਦਰ ਸਿੰਘ ਜੱਬਲ, ਹਰਦਮ ਸਿੰਘ ਮਾਨ, ਜਰਨੈਲ ਸਿੰਘ ਸਿੱਧੂ ਅਤੇ ਕੈਨੇਡੀਅਨ ਰਾਮਗੜ੍ਹੀਆ ਸੋਸਾਇਟੀ ਦੇ ਮੌਜੂਦਾ ਮੈਂਬਰ ਸਾਹਿਬਾਨ ਹਾਜ਼ਰ ਸਨ।






# ROHITA PANNU
## LAW CORPORATION
### BARRISTER & SOLICITOR




## SERVICES

- ALL NOTARY PUBLIC
- WILLS & ESTATE
- RESIDENTIAL & COMMERCIAL
- REAL ESTATE BUYING & SELLING
- MORTGAGES
- DIVORCE/ FAMILY LAW

- ਨੋਟਰੀ ਸੇਵਾਵਾਂ
- ਵਸੀਅਤਨਾਮਾ
- ਘਰਾਂ ਅਤੇ ਕੇਅਰਹੋਮਜ਼ ਵਿੱਚ ਜਾ ਕੇ ਵੀ ਦਸਤਖਤ ਕਰਵਾ ਸਕਦੇ ਹਾਂ
- ਹਲਫੀਆ ਬਿਆਨ
- ਘਰਾਂ ਦੀ ਖਰੀਦੋ- ਫਰੋਖਤ
- ਮੋਰਟਗੇਜ਼
- ਤਲਾਕ (ਫੈਮਲੀ-ਲਾਅ)

**Ph: 604.589.1399**
**Fax : 604.589.1556**
**www.rohitapannulaw.com**
**# 102-9278, 120th Street, Surrey, BC V3V 4W8**

ਤਜਰਬਾ - ਇਮਾਨਦਾਰੀ - ਨਤੀਜੇ

# HUGHES & COMPANY

## LAW CORPORATION

HUGHES
& COMPANY
LAW CORPORATION
www.hughesco.com

**EXPERIENCE • INTEGRITY • RESULTS**

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION



**CEDRIC HUGHES**
LAWYER
Over 20 years serving the community




★★★★★
**4.9 STAR**
**Google**
**REVIEW !**

**Link!**
**hughesco.com**
*for reviews*

# 604.602.1828

**MAIN OFFICE: 505-777 W. BROADWAY, VANCOUVER**
**SURREY OFFICE: 7164, 120 ST, SURREY *(BY APPOINTMENT PLEASE)***
**Email: cedric_hughes@hughesco.com**

***AND** Service provided at Business Centres throughout the Fraser Valley and British Columbia.*
***Remote Location? No Problem. We will come to you !***

# ਚੰਨੀ ਤੇ ਸਿੱਧੂ ਨੇ ਮੇਰਾ ਸਿਆਸੀ ਭਵਿੱਖ ਖ਼ਰਾਬ ਕਰਨ ਲਈ ਝੂਠੇ ਕੇਸ ਦਰਜ ਕਰਵਾਏ-ਮਜੀਠੀਆ

ਰਈਆ-ਅਕਾਲੀ ਨੇਤਾ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕੇ ਕਾਂਗਰਸ ਨੇ ਸਿਆਸੀ ਕਿੜ ਕੱਢਣ ਲਈ ਉਨ੍ਹਾਂ 'ਤੇ ਝੂਠਾ ਐੱਨਡੀਪੀਐੱਸ ਕੇਸ ਦਰਜ ਕਰਵਾਇਆ। ਗੁਰਦੁਆਰਾ ਤਪ ਅਸਥਾਨ ਬਾਬਾ ਬਕਾਲਾ ਸਾਹਿਬ ਵਿਖੇ ਪਰਿਵਾਰ ਸਮੇਤ ਪੁੱਜ ਕੇ ਸ਼ੁਕਰਾਨਾ ਕਰਨ ਬਾਅਦ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਨਵਜੋਤ ਸਿੰਘ ਸਿੱਧੂ ਨੇ ਆਪਣੀ ਮਰਜ਼ੀ ਦੇ ਪੁਲੀਸ ਅਧਿਕਾਰੀਆਂ ਨੂੰ ਤਾਇਨਾਤ ਕਰਕੇ ਉਨ੍ਹਾਂ ਦਾ ਸਿਆਸੀ ਭਵਿੱਖ ਖ਼ਰਾਬ ਕਰਨ ਲਈ ਝੂਠੇ ਕੇਸ ਦਰਜ ਕਰਵਾਏ। ਉਨ੍ਹਾਂ ਆਮ ਆਦਮੀ ਪਾਰਟੀ ਦੀ ਆਲੋਚਨਾ ਕਰਦਿਆਂ ਕਿਹਾ ਕਿ ਇਸ ਪਾਰਟੀ ਨੇ ਸਾਰੇ ਝੂਠੇ ਵਾਅਦੇ ਕੀਤੇ ਹਨ। ਉਨ੍ਹਾਂ ਕਿਹਾ ਕਿ ਮੈਂ ਤਹਿ ਦਿੱਲੋਂ ਧੰਨਵਾਦੀ ਹਾਂ ਉਨ੍ਹਾਂ ਸਾਰਿਆਂ ਦਾ ਜਿਨ੍ਹਾਂ ਨੇ ਮੇਰੀ ਰਿਹਾਈ ਲਈ ਅਰਦਾਸਾਂ ਕੀਤੀਆਂ ਤੇ ਉਨ੍ਹਾਂ ਦੀਆਂ ਅਰਦਾਸਾਂ ਨੇ ਹੀ ਮੈਨੂੰ ਜ਼ਮਾਨਤ ਦਿਵਾਈ ਹੈ। ਇਸ ਮੌਕੇ ਸਾਬਕਾ ਵਿਧਾਇਕ ਬਲਜੀਤ ਸਿੰਘ ਜਲਾਲਉਸਮਾ, ਹਲਕਾ ਸ੍ਰੀ ਹਰਗੋਬਿੰਦਪੁਰ ਦੇ ਇੰਚਾਰਜ ਰਾਜਨਬੀਰ ਸਿੰਘ ਘੁਮਾਣ, ਸਤਿੰਦਰਜੀਤ ਸਿੰਘ ਛੱਜਲਵੱਡੀ ਹਲਕਾ ਜੰਡਿਆਲਾ ਗੁਰੂ ਸਮੇਤ ਵੱਡੀ ਗਿਣਤੀ ਵਿਚ ਅਕਾਲੀ ਵਰਕਰ ਪੁੱਜੇ ਹੋਏ ਸਨ।






ਵਾਕ ਫਾਰ ਕੈਂਸਰ ਦੇ ਹੀਰੋ ਪ੍ਰੋ ਅਵਤਾਰ ਸਿੰਘ ਵਿਰਦੀ ਵੱਲੋਂ ਕੈਂਸਰ ਦੇ ਇਲਾਜ ਤੇ ਖੋਜ ਲਈ ਫੰਡ ਰੇਜਿੰਗ ਲਈ ਕੀਤੀ ਗਈ ਕੈਨੇਡਾ ਵਾਕ ਦੌਰਾਨ ਇਕੱਤਰ ਹੋਈ 51 ਹਜਾਰ ਡਾਲਰ ਦੀ ਰਾਸ਼ੀ ਦਾ ਚੈਕ ਬੀਸੀ ਕੈਂਸਰ ਫਾਊਂਡੇਸ਼ਨ ਦੇ ਅਧਿਕਾਰੀਆਂ ਨੂੰ ਪ੍ਰਦਾਨ ਕੀਤੇ ਜਾਣ ਦਾ ਦ੍ਰਿਸ਼। ਨਾਲ ਗੁਰੂ ਨਾਨਕ ਫੂਡ ਬੈਂਕ ਦੇ ਡਾਇਰੈਕਟਰ ਜੇ ਮਿਨਹਾਸ, ਇੰਦਰਜੀਤ ਸਿੰਘ ਬੈਂਸ ਤੇ ਹੋਰ।



FOR BUYING OR SELLING
any kind of Property, Count on my many years of Expert Experience
Tejinder S. Bansal
REALTOR
604.671.5783
Email: tbansal@msn.com
MULTIPLE
Multiple Realty Ltd.
768 Kingsway, Vancouver
TEL: 604-434-1431
www.multiplerealty.com

COMMERCIAL LAND ON BUSY HIGHWAY IN MISSION
5 Acres Commercial land (flat) on the Busy Highway in Mission. CVD zoned. You can Build anything like shopping mall, banquet hall or shop cum flats. No information released without Confidentiality Agreement.
ASKING ONLY $20 mil

INDUSTRIAL WAREHOUSE FOR SALE IN RICHMOND
Need space for your small business? Check this out!! Industrial warehouse 1500 SF for sale. Central location, Near No. 6 Road and River Road, Richmond. Potential to add 2nd floor.
ASKING ONLY $778,000

BUILDINGS LOTS
Now, assignment of 2-building lots 3800 sf, side by side available for sale near 131/236 Street in Maple Ridge. Try offer.
ASKING ONLY $799,000 each

EXCELLENT OPPORTUNITY
Two upcoming 3 bedrooms unit in Hightower on 14th and 15th floor, ready by early 2025 you can Buy this with 20% deposit over 2 years period

6340 BUSWELL ST, RICHMOND


Top floor, Corner unit, 2 Bedroom 2 Bathroom, Prime Location, Short walk to Richmond Sky Train, Rental OK

PUB FOR SALE
Interested to run your own Pub!! Good monthly return, now available for Sale with or without Pub-licence. Call for more details.

DUPLEX LOT RT2 ZONE FOR SALE IN VANCOUVER
6422 Beatrice St, Vancouver
Available for assignment Duplex Lot RT2 zone
ASKING $1.6 million

ਬੀ.ਸੀ. ਵਿੱਚ ਕੋਵਿਡ-19

ਕੋਵਿਡ-19 ਪਿਡ੍ਰੀਐਟਿਕ ਵੈਕਸੀਨ ਹੁਣ 6 ਮਹੀਨੇ ਤੋਂ 4 ਸਾਲ ਤੱਕ ਦੇ ਬੱਚਿਆਂ ਲਈ ਮਨਜ਼ੂਰ ਕਰ ਦਿੱਤੇ ਗਏ ਹਨ।



ਬੱਚਿਆਂ ਦੇ ਇਮਿਊਨ ਸਿਸਟਮ ਲਈ ਤਿਆਰ ਕੀਤੇ ਗਏ, ਪਿਡ੍ਰੀਐਟਿਕ ਵੈਕਸੀਨ ਬਾਲਗਾਂ ਦੀ ਖ਼ੁਰਾਕ ਨਾਲੋਂ ਘੱਟ ਖ਼ੁਰਾਕ ਪ੍ਰਦਾਨ ਕਰਦੇ ਹਨ ਅਤੇ ਬੱਚਿਆਂ ਦੀ ਸੁਰੱਖਿਆ ਵਿੱਚ ਮਦਦ ਕਰਦੇ ਹਨ। ਕੈਨੇਡਾ ਦੇ ਪਿਡ੍ਰੀਐਟਿਕ ਵੈਕਸੀਨ ਦੀ ਸਖਤੀ ਨਾਲ ਜਾਂਚ ਕੀਤੀ ਗਈ ਹੈ ਅਤੇ ਇਹ ਸੁਰੱਖਿਅਤ ਹਨ। ਟੀਕਾਕਰਣ ਬੱਚਿਆਂ ਨੂੰ ਗੰਭੀਰ ਰੂਪ ਵਿੱਚ ਬੀਮਾਰ ਹੋਣ ਅਤੇ ਹਸਪਤਾਲ ਵਿੱਚ ਦਾਖਲ ਹੋਣ ਤੋਂ ਬਚਾਅ ਵਿੱਚ ਮਦਦ ਕਰਦਾ ਹੈ।



ਪੰਜਾਬੀ ਵਿੱਚ ਹੋਰ ਜਾਣੋ:
gov.bc.ca/under5vaccines-PUN
BRITISH COLUMBIA

# ਖਾਲਸਾ ਕਰੈਡਿਟ ਯੂਨੀਅਨ ਵੱਲੋਂ ਵਿੱਦਿਆ, ਖੇਡਾਂ ਤੇ ਸਿੱਖ ਵਿਰਸੇ ਦੀ ਖੇਤਰ ਵਿੱਚ ਯੋਗ ਵਿਦਿਆਰਥੀਆਂ ਨੂੰ ਸਕਾਲਰਸ਼ਿਪ

ਸਰੀ-ਪੰਜਾਬ ਤੋਂ ਬਾਹਰ ਕਿਸੇ ਵੀ ਮੁਲਕ 'ਚ ਕਾਇਮ ਕੀਤੀ ਗਈ ਸਿੱਖਾਂ ਦੀ ਪਹਿਲੀ ਵਿੱਤੀ ਸੰਸਥਾ 'ਖਾਲਸਾ







ਕਰੈਡਿਟ ਯੂਨੀਅਨ' ਵੱਲੋਂ, ਹਰ ਵਰ੍ਹੇ ਦੀ ਤਰ੍ਹਾਂ ਇਸ ਸਾਲ ਵੀ ਹੋਣਹਾਰ ਵਿਦਿਆਰਥੀਆਂ ਨੂੰ ਵਿੱਦਿਆ, ਖੇਡਾਂ ਅਤੇ ਸਿੱਖ ਵਿਰਸੇ ਦੇ ਖੇਤਰ ਵਿੱਚ ਸਕਾਲਰਸ਼ਿਪ ਦਿੱਤੇ ਜਾਣ ਦਾ ਉਪਰਾਲਾ ਕੀਤਾ ਗਿਆ। ਸੰਨ 1986 ਵਿਚ ਕੈਨੇਡਾ ਦੀ ਧਰਤੀ 'ਤੇ ਸਥਾਪਤ ਕੀਤੀ ਗਈ ਖਾਲਸਾ ਕਰੈਡਿਟ ਯੂਨੀਅਨ ਵੱਲੋਂ ਪਿਛਲੇ ਸਾਢੇ ਤਿੰਨ ਦਹਾਕਿਆਂ ਵਿੱਚ ਕਈ ਮਿਲੀਅਨ ਡਾਲਰ ਅਜਿਹੇ ਕਾਰਜਾਂ 'ਤੇ ਲਾ ਕੇ ਨੌਜਵਾਨ ਪੀੜ੍ਹੀ ਨੂੰ ਸਿੱਖ ਧਰਮ, ਵਿੱਦਿਆ ਅਤੇ ਸਪੋਰਟਸ ਵੱਲ ਪ੍ਰੇਰਤ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਮਨੁੱਖੀ ਹੱਕਾਂ ਦੇ ਕਾਰਜਾਂ ਵਿੱਚ "ਇਨਸਾਫ਼" ਵਰਗੀਆਂ ਸੰਸਥਾਵਾਂ ਨੂੰ ਫੰਡ ਦੇ ਕੇ, ਪੰਜਾਬ ਦੀ ਧਰਤੀ 'ਤੇ ਮਨੁੱਖੀ ਅਧਿਕਾਰਾਂ ਲਈ ਸੰਘਰਸ਼ ਕਰ ਰਹੇ ਲੋਕਾਂ ਲਈ, 'ਹਾਅ ਦਾ ਨਾਅਰਾ' ਵੀ ਮਾਰਿਆ ਜਾਂਦਾ ਹੈ। ਰੌਇਲ ਕਿੰਗ ਪੈਲੇਸ ਸਰੀ 'ਚ ਇਸ ਵਰ੍ਹੇ ਦੇ ਬਹੁਤ ਪ੍ਰਭਾਵਸ਼ਾਲੀ ਸਮਾਗਮ ਵਿਚ ਸਭ ਤੋਂ ਪਹਿਲਾਂ ਸਿੱਖੀ ਵਿਰਸੇ ਨੂੰ ਸਮਰਪਿਤ ਬੱਚਿਆਂ ਨੇ ਰਾਗਾਂ 'ਚ ਕੀਰਤਨ ਕੀਤਾ ਅਤੇ ਫੇਰ ਬੁਲਾਰਿਆਂ ਨੇ ਖਾਲਸਾ ਕਰੈਡਿਟ ਯੂਨੀਅਨ ਦੇ ਇਤਿਹਾਸ 'ਤੇ ਚਾਨਣਾ ਪਾਇਆ। ਸੋਲ੍ਹਾਂ ਹਜ਼ਾਰ ਤੋਂ ਵੱਧ ਮੈਂਬਰਾਂ ਵਾਲੀ ਇਸ ਸੰਸਥਾ ਦੇ ਬਾਨੀ ਮੈਂਬਰਾਂ ਵੱਲੋਂ, ਹੋਣਹਾਰ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ, ਜੋ ਕਿ ਸ਼ਲਾਘਾਯੋਗ ਕਦਮ ਹੈ। ਵੱਡੀ ਗੱਲ ਇਹ ਹੈ ਕਿ ਸਟੇਜ 'ਤੇ ਸ਼ਾਬਾਸ਼ ਮਿਲਣੀ, ਉਤਸ਼ਾਹ ਨਾਲ ਅੱਗੇ ਵਧਣ ਲਈ ਪ੍ਰੇਰਨਾ ਹੁੰਦੀ ਹੈ। ਖਾਲਸਾ ਕਰੈਡਿਟ ਯੂਨੀਅਨ ਦੀ ਸਮੁੱਚੀ ਟੀਮ, ਮੈਂਬਰਾਂ ਅਤੇ ਪ੍ਰਬੰਧਕ ਸਹਿਬਾਨ ਦਾ ਅਜਿਹੇ ਸ਼ਾਨਦਾਰ ਉੱਦਮ ਲਈ ਤਹਿ ਦਿਲੋਂ ਧੰਨਵਾਦ ਹੈ। ਦਿਲ ਦੀਆਂ ਗਹਿਰਾਈਆਂ ਤੋਂ ਮੁਬਾਰਕਾਂ ਉਨ੍ਹਾਂ ਸਾਰੇ ਹੀ ਹੋਣਹਾਰ ਬੱਚਿਆਂ ਨੂੰ, ਜਿਨ੍ਹਾਂ ਵੱਖ-ਵੱਖ ਖੇਤਰਾਂ ਵਿੱਚ ਸਕਾਲਰਸ਼ਿਪ ਹਾਸਲ ਕੀਤੇ। ਉਸ ਤੋਂ ਵੀ ਵੱਧ ਵਧਾਈ ਦੇ ਪਾਤਰ ਹਨ ਉਨ੍ਹਾਂ ਦੇ ਮਾਪੇ, ਜਿਨ੍ਹਾਂ ਨੇ ਬੱਚਿਆਂ ਲਈ ਸਮਾਂ ਦਿੱਤਾ ਅਤੇ ਉਨ੍ਹਾਂ ਨੂੰ ਇਸ ਯੋਗ ਬਣਾਇਆ ਕਿ ਉਹ ਇਹ ਪੁਲਾਂਘਾ ਪੁੱਟ ਸਕਣ।





# ਪ੍ਰਸਿੱਧ ਪੰਜਾਬੀ ਸ਼ਾਇਰ ਬਾਬਾ ਨਜ਼ਮੀ ਨਾਲ ਪ੍ਰੈੱਸ ਕਲੱਬ ਵੱਲੋਂ ਨਿੱਘੀ ਮਿਲਣੀ

## ਪੰਜਾਬੀ ਪ੍ਰੈੱਸ ਕਲੱਬ ਆਫ਼ ਬੀ ਸੀ ਵੱਲੋਂ ਭਾਰਤ ਅੰਦਰ ਬੋਲਣ ਦੀ ਆਜ਼ਾਦੀ 'ਤੇ ਪੈ ਰਹੇ ਡਾਕੇ ਖ਼ਿਲਾਫ਼ ਰੋਸ ਮਤਾ ਪਾਸ

ਸਰੀ-ਪੰਜਾਬੀ ਪ੍ਰੈੱਸ ਕਲੱਬ ਆਫ ਬੀਸੀ ਵੱਲੋਂ 15 ਅਗਸਤ ਨੂੰ ਸਥਾਨਕ ਤਾਜ ਕਨਵੈਨਸ਼ਨ ਸੈਂਟਰ ਵਿਖੇ ਵਿਸ਼ੇਸ਼ ਇਕੱਤਰਤਾ ਹੋਈ, ਜਿਸ ਦੀ ਪ੍ਰਧਾਨਗੀ ਬਲਜਿੰਦਰ ਕੌਰ ਵਲੋਂ ਕੀਤੀ ਗਈ, ਜਦਕਿ ਮੀਟਿੰਗ ਦਾ ਸੰਚਾਲਨ ਸਕੱਤਰ ਖੁਸ਼ਪਾਲ ਗਿੱਲ ਦੁਆਰਾ ਕੀਤਾ ਗਿਆ। ਇਸ ਮੌਕੇ 'ਤੇ ਪੰਜਾਬੀ ਪ੍ਰੈੱਸ ਕਲੱਬ ਨੇ ਭਾਰਤ ਵਿੱਚ ਬੋਲਣ ਦੀ ਆਜ਼ਾਦੀ 'ਤੇ ਪਾਬੰਦੀਆਂ ਖ਼ਿਲਾਫ਼ ਰੋਸ ਮਤਾ ਪਾਸ ਕਰਦਿਆਂ, ਸਰਕਾਰੀ ਜਬਰ 'ਤੇ ਡੂੰਘਾ ਇਤਰਾਜ਼ ਪ੍ਰਗਟਾਇਆ। ਪੰਜਾਬੀ ਪ੍ਰੈੱਸ ਕਲੱਬ ਬੀਸੀ ਵੱਲੋਂ 15 ਅਗਸਤ ਦੇ ਦਿਨ ਵਿਸ਼ੇਸ਼ ਤੌਰ 'ਤੇ ਇਹ ਮਤਾ ਪਾਸ ਕੀਤਾ ਗਿਆ ਕਿ ਭਾਰਤ ਵਿੱਚ ਬੋਲਣ ਦੀ ਆਜ਼ਾਦੀ 'ਤੇ ਪੈ ਰਹੇ ਡਾਕੇ ਖ਼ਿਲਾਫ਼ ਵਿਰੋਧ ਪ੍ਰਗਟਾਇਆ ਜਾਂਦਾ ਹੈ। ਮਤੇ ਅਨੁਸਾਰ ਦੇਸ਼ ਅੰਦਰ ਪੱਤਰਕਾਰਾਂ ਦੀ ਆਜ਼ਾਦੀ 'ਤੇ ਰੋਕਾਂ ਅਤੇ ਧੱਕੇਸ਼ਾਹੀ ਖ਼ਿਲਾਫ਼ ਸਾਂਝੇ ਰੂਪ ਵਿਚ ਨਿਖੇਧੀ ਕੀਤੀ ਜਾਂਦੀ ਹੈ। ਇਹ ਮਤਾ ਡਾ ਗੁਰਵਿੰਦਰ ਸਿੰਘ ਵੱਲੋਂ ਪੇਸ਼ ਕੀਤਾ ਗਿਆ, ਜਿਸ ਦੀ ਪ੍ਰੋੜ੍ਹਤਾ ਗੁਰਪ੍ਰੀਤ ਸਿੰਘ ਸਹੋਤਾ ਨੇ ਕੀਤੀ ਅਤੇ ਹਾਜ਼ਰ ਸਮੂਹ ਮੈਂਬਰਾਂ ਵੱਲੋਂ ਸਰਬਸੰਮਤੀ ਨਾਲ ਪ੍ਰਵਾਨਗੀ ਦਿੱਤੀ ਗਈ। ਇਸ ਇਕੱਤਰਤਾ ਵਿੱਚ ਰਛਪਾਲ ਸਿੰਘ ਗਿੱਲ, ਬਲਦੇਵ ਸਿੰਘ ਮਾਨ, ਡਾ ਪੂਰਨ ਸਿੰਘ ਗਿੱਲ, ਨਵਜੋਤ ਢਿੱਲੋਂ, ਅਮਰਪਾਲ ਸਿੰਘ, ਬਿਨੈ ਕੈਂਥ, ਹਰਕੀਰਤ ਸਿੰਘ ਕੁਲਾਰ, ਬਖਸ਼ਿੰਦਰ ਸਿੰਘ, ਕੰਵਲਜੀਤ ਸਿੰਘ ਲੱਕੀ ਰੰਧਾਵਾ, ਸੰਤੋਖ ਸਿੰਘ ਮੰਡੇਰ ਅਤੇ ਨਵੇਂ ਮੈਂਬਰ ਸੁੱਖੀ ਰੰਧਾਵਾ ਸ਼ਾਮਲ ਹੋਏ। ਇਸ ਦੌਰਾਨ 15 ਅਗਸਤ ਦੀ ਇਕੱਤਰਤਾ ਵਿਚ ਪ੍ਰੈੱਸ ਕਲੱਬ ਦੇ ਸੱਦੇ 'ਤੇ ਉੱਘੇ ਪੰਜਾਬੀ ਸ਼ਾਇਰ ਬਾਬਾ ਨਜਮੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਉਨ੍ਹਾਂ ਪਾਕਿਸਤਾਨ ਵਿੱਚ ਪੰਜਾਬੀ ਜ਼ਬਾਨ ਪ੍ਰਫੁੱਲਤ ਕਰਨ ਲਈ ਹੋ ਰਹੇ ਕਾਰਜਾਂ 'ਤੇ ਰੌਸ਼ਨੀ ਪਾਈ ਅਤੇ ਪੰਜਾਬੀ ਲਾਗੂ ਕਰਵਾਉਣ ਲਈ ਕਾਨੂੰਨੀ ਲੜਾਈ ਜਿੱਤਣ ਬਾਰੇ ਵੀ ਜਾਣਕਾਰੀ ਦਿੱਤੀ। ਬਾਬਾ ਨਜਮੀ ਨੇ ਆਪਣੀਆਂ ਕੁਝ ਨਜ਼ਮਾਂ ਵੀ ਇਸ ਮੌਕੇ 'ਤੇ ਸਾਂਝੀਆਂ ਕੀਤੀਆਂ। ਇਸ ਮਿਲਣੀ ਮੌਕੇ ਬਾਬਾ ਨਜਮੀ ਨਾਲ ਟੋਰਾਂਟੋ ਤੋਂ ਪਹੁੰਚੇ ਮੀਡੀਆਕਾਰ ਇਕਬਾਲ ਮਾਹਲ, ਕੇਂਦਰੀ ਪੰਜਾਬੀ ਲੇਖਕ ਸਭਾ ਉੱਤਰੀ ਅਮਰੀਕਾ ਦੇ ਅਹੁਦੇਦਾਰ ਸੁਰਜੀਤ ਸਿੰਘ ਮਾਧਪੁਰੀ ਅਤੇ ਕਰਮਜੀਤ ਸਿੰਘ ਬੁੱਟਰ ਮਹਿਮਾਨ ਵਜੋਂ ਸ਼ਾਮਲ ਹੋਏ। ਪੰਜਾਬੀ ਪ੍ਰੈੱਸ ਕਲੱਬ ਵੱਲੋਂ ਬਾਬਾ ਨਜਮੀ ਵਲੋਂ ਪੰਜਾਬੀ ਜ਼ਬਾਨ ਲਈ ਕੀਤੇ ਜਾ ਰਹੇ ਉਪਰਾਲਿਆਂ ਲਈ ਭਰਪੂਰ ਸ਼ਲਾਘਾ ਕੀਤੀ ਗਈ।




ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786

Bank Turndown?
Could be just
what you need!

Quick
Private
Funds

- $10,000 to $1 Million in just 24 Hours
- Up to $5 Million Available



invis
Canada's Mortgage Experts™

Call today to get started
SANJEEV KATYAL
604.767.5194
Info@katyalmortgage.ca

WWW.KATYALMORTGAGE.CA


ਸਪੈਸ਼ਲ ਸੇਲ !
www.dream-carpets.com
dream carpets
Shaw FLOORS
Ansonylon
STAINMASTER CARPET
ClearTouch
from $1.98 SF
Berber Installed
Textured Saxony Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From .78 cent
Berber
Starts From .78 cent
Area Rug (5x8)
Starts From $68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch




## ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ



ਲੇਖਕ : ਹਰਚੰਦ ਸਿੰਘ ਬਾਗੜੀ
604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

### ਬੰਦੇ ਬਹਾਦਰ ਨੇ ਵਜ਼ੀਰ ਖਾਂ ਨੂੰ ਵੰਗਾਰਨਾ

1356 ਬੰਦਾ ਸਿੰਘ ਨੇ ਕਿਹਾ ਵਜ਼ੀਰ ਤਾਈਂ, ਪਿੱਛੇ ਖੜ੍ਹਾ ਕਿਉਂ ਮੂੰਹ ਲੁਕਾ ਮੀਆਂ।
ਪੁੱਤ ਮਾਵਾਂ ਦੇ ਪਿਆ ਮਰਵਾਬਣਾ ਏ, ਜੇ ਮਰਦ ਤਾਂ ਅੱਗੇ ਆ ਮੀਆਂ।
ਜ਼ੁਲਮ ਕੀਤੇ ਮਾਸੂਮਾਂ ਤੇ ਪਾਜੀਆ ਤੈਂ, ਤੈਨੂੰ ਭੁੱਲਿਆ ਉਦੋਂ ਖ਼ੁਦਾ ਮੀਆਂ।
ਹਰਚੰਦ ਸਿੰਘਾ ਅਸੀਂ ਵੀ ਵੇਖ ਲਈਏ, ਜ਼ੋਰ ਆਪਣਾ ਆ ਕੇ ਵਿਖਾ ਮੀਆਂ॥

1357 ਵੈਰ ਲੈਣਾ ਸਾਹਿਬਜ਼ਾਦਿਆਂ ਦਾ, ਦੂਰ ਦੱਖਣੋਂ ਆਇਆਂ ਮੈਂ ਚੱਲ ਖ਼ਾਨਾ।
ਰੀਝ ਸਾਡੇ ਦਿਲ ਦੀ ਹੋਏ ਪੂਰੀ, ਨੋਚ ਲਵਾਂ ਮੈਂ ਤੇਰੀ ਖੱਲ ਖ਼ਾਨਾ।
ਆਜਾ ਆਹਮੋ-ਸਾਹਮਣੇ ਹੋ ਲਈਏ, ਵਾਰ ਕਰ ਤੇ ਸਾਡਾ ਝੱਲ ਖ਼ਾਨਾ।
ਸ਼ਹੀਦ ਕਰਕੇ ਦਾਦੀ ਤੇ ਪੋਤਿਆਂ ਨੂੰ, ਬਣਿਆ ਫਿਰਦੈ ਵੱਡਾ ਭੜਮੱਲ ਖ਼ਾਨਾ॥

### ਬੰਦਾ ਸਿੰਘ ਨੇ ਜ਼ੋਰਦਾਰ ਹੱਲਾ ਬੋਲਣਾ

1358 ਬੰਦਾ ਸਿੰਘ ਨੇ ਸਿੰਘਾਂ ਨੂੰ ਜੋਸ਼ ਦੇ ਕੇ, ਮਾਰੂ ਹੱਲਾ ਨਵਾਬ ਤੇ ਬੋਲਿਆ ਏ।
ਬਹੁਤਾ ਦੂਰ ਨਹੀਂ ਪਾਪੀ ਵਜ਼ੀਦ ਸਿੰਘੋ, ਦਲ ਉਸਦਾ ਦਿਲਾਂ ਤੋਂ ਡੋਲਿਆ ਏ।
ਹੁਣ ਲੋੜ ਹੈ ਇੱਕੋ ਹੰਭਲੇ ਦੀ, ਸਿੰਘੋ ਸਮਝੋ ਡੂਮਣਾ ਚੋ ਲਿਆ ਏ।
ਹਰਚੰਦ ਸਿੰਘਾ ਰੋਲਣਾ ਅੱਜ ਪਾਜੀ, ਬੜਾ ਆਪਾਂ ਨੂੰ ਇਸਨੇ ਰੋਲਿਆ ਏ॥

1359 ਝਾਲ ਝੱਲੀ ਨਾ ਤੁਰਕਾਂ ਖਾਲਸੇ ਦੀ, ਮੂਹਰੇ ਸਿੰਘਾਂ ਨੇ ਖ਼ਾਨ-ਪਠਾਣ ਲਾਏ।
ਅੱਗੇ ਹੋਣ ਨੂੰ ਕੋਈ ਨਾ ਮੂੰਹ ਕਰੇ, ਵਜ਼ੀਰ ਖਾਂ ਦੁਹਾਈ, ਬਹੁਤ ਪਾਏ।
ਲੋਹਾ ਸਿੰਘਾਂ ਨੇ ਲਿਆ ਮਨਵਾ ਉਥੇ, ਮੌਤ ਸਾਹਮਣੇ ਖੜੀ ਨਜ਼ਰ ਆਏ।
ਹਰਚੰਦ ਸਿੰਘਾ ਹੋਣਾ ਅਖੀਰ ਉਹੀ, ਅੱਲਾ-ਵਾਹਿਗੁਰੂ ਤਾਈਂ ਜੋ ਭਾਏ॥

### ਅਖ਼ੀਰ ਵਜ਼ੀਰ ਖ਼ਾਂ ਜ਼ਖ਼ਮੀ ਹੋ ਕੇ ਫੜਿਆ ਜਾਣਾ

1360 ਵਜ਼ੀਰ ਖਾਂ ਸੀ ਬਣਿਆ ਕੰਧ ਖੜਾ, ਸਿੰਘਾਂ ਘੇਰਾ ਉਸਨੂੰ ਪਾਇਆ ਏ।
ਠਾਹ ਕਰਕੇ ਮੱਥੇ ਦੇ ਵਿਚ ਵੱਜਾ, ਕਿਸੇ ਸਿੰਘ ਨੇ ਤੀਰ ਚਲਾਇਆ ਏ।
ਵਜ਼ੀਰ ਖਾਂ ਨੂੰ ਘੇਰਨੀ ਆ ਗਈ, ਫ਼ਤਹਿ ਸਿੰਘ ਨੇ ਜੌਹਰ ਵਿਖਾਇਆ ਏ।
ਹਰਚੰਦ ਸਿੰਘਾ ਝਪਟਿਆ ਬਾਜ ਸਿੰਘ, ਫੜ ਨਵਾਬ ਨੂੰ ਧਰਤ ਪਟਕਾਇਆ ਏ॥

1361 ਸੂਬਾ ਸਰਹਿੰਦ ਦੇ ਡਿੱਗਣ ਦੀ ਦੇਰ ਹੈ ਸੀ, ਸਾਥੀ ਉਸਦੇ ਛੱਡ ਫਰਾਰ ਹੋਏ।
ਨੱਸੇ ਜਾਂਦਿਆਂ ਮਗਰ ਸੀ ਵਾਢ ਧਰੀ, ਹਰ ਪਾਸੇ ਮਾਰੋ ਮਾਰ ਹੋਏ।
ਪਿੱਠ ਪਾੜ ਕੇ ਘੋੜੇ ਤੋਂ ਲਾਹ ਲੈਂਦੇ, ਰੂਪ ਮੌਤ ਦਾ ਸਿੰਘ ਸਰਦਾਰ ਹੋਏ।
ਹਰਚੰਦ ਸਿੰਘਾ ਵਿੱਚ ਘਮੰਡ ਦੇ ਜੋ, ਸਭ ਕੁੱਝ ਛੱਡ ਕੇ ਭੱਜੇਂ ਸਵਾਰ ਹੋਏ॥

1362 ਗੋਡਾ ਰੱਖ ਕੇ ਉਸਦੀ ਧੌਣ ਉਤੇ, ਭਾਰ ਬਾਜ ਸਿੰਘ ਨੇ ਪਾਇਆ ਏ।
ਸੂਆ ਮਾਰ ਕੇ ਨੱਕ ਨਕੇਲ ਪਾਈ, ਫ਼ਤਹਿ ਸਿੰਘ ਨੇ ਪਲ ਨਾ ਲਾਇਆ ਏ।
ਮਾਫ ਕਰੋ ਮੈਂ ਹਾਂ ਗਾਂ ਥੋਡੀ, ਜ਼ਾਲਮ ਪੀੜ ਦੇ ਨਾਲ ਕੁਰਲਾਇਆ ਏ।
ਰੋਏ ਤੜਪੇ 'ਕੱਲਾ ਹਰਚੰਦ ਸਿੰਘਾ, ਕਿਸੇ ਆਣਕੇ ਨਹੀਂ ਛੁਡਾਇਆ ਏ॥

1360 ਅੱਸੀ ਮਰੇ ਸੌ 'ਚੋਂ ਵੀਹ ਭੱਜੇ, ਸਿੰਘਾਂ ਤੁਰਕਾਂ ਤਾਈਂ ਹਰਾਇਆ ਏ।
ਬਾਦਸ਼ਾਹੀ ਵਿੱਚ ਮੈਦਾਨ ਮਾਰੀ, ਸਿੰਘਾਂ ਸਿਦਕੀਆਂ ਸਿਦਕ ਨਿਭਾਇਆ ਏ।
ਜਿਮੀਂ ਉਤੇ ਬੰਨ੍ਹ ਵਜ਼ੀਰ ਧਰਿਆ ਸਮੇਂ ਕੈਸਾ ਖੇਲ ਰਚਾਇਆ ਏ।
ਹਰਚੰਦ ਸਿੰਘਾ ਬੀਜਿਆ ਵੱਢਣਾ ਏ, ਸਿਆਣੇ ਲੋਕਾਂ ਸੱਚ ਸੁਣਾਇਆ ਏ॥

1361 ਬੜਾ ਮਾਨ ਸੀ ਤੋਪਾਂ, ਜਮੂਰਿਆਂ ਤੇ, ਉਹੋ ਵਿਚ ਮੈਦਾਨ ਦੇ ਛੱਡੀਆਂ ਨੇ।
ਜਿਨ੍ਹਾਂ ਬਾਹਾਂ ਨੇ ਕੀਤੇ ਪਾਪ ਭਾਰੇ, ਉਹ ਡੌਲਿਆਂ ਸਣੇ ਹੀ ਵੱਢੀਆਂ ਨੇ।
ਸਿੰਘਾਂ ਸਾਂਭੀਆਂ ਤੋਪਾਂ ਤੇ ਮੈਗਜ਼ੀਨਾਂ, ਹਾਥੀ, ਘੋੜੇ ਗੱਡੇ ਤੇ ਗੱਡੀਆਂ ਨੇ।
ਹਰਚੰਦ ਸਿੰਘਾ ਸ਼ਰੀਕ ਜੋ ਰੱਬਦੇ ਸੀ, ਚੱਪੜਚਿੜੀ ਰੁਲਾਈਆਂ ਹੱਡੀਆਂ ਨੇ॥

### ਕਵੀਓ ਵਾਚ

1362 ਕੋਈ ਇਲਮ ਨੀ ਕੱਲ ਨੂੰ ਕੀ ਹੋਣਾ, ਹੱਥ ਸਮੇਂ ਦੇ ਸਭ ਦੀ ਡੋਰ ਲੋਕੋ।
ਰੱਖੋ ਜੀਭ ਨੂੰ ਸਦਾ ਬਰੇਕ ਲਾ ਕੇ, ਕਰੋ ਮੂਲ ਨਾ ਅੱਤ ਤੇ ਸ਼ੋਰ ਲੋਕੋ।
ਦੁਰਵਰਤੋਂ ਕਰੋ ਨਾ ਤਾਕਤਾਂ ਦੀ, ਕਿਸੇ ਕੰਮ ਆਏ ਨਾ ਜ਼ੋਰ ਲੋਕੋ।
ਹਰਚੰਦ ਸਿੰਘਾ ਜਹਾਨ ਤੋਂ ਜਾਏ ਖਾਲ੍ਹੀ, ਦਾਣੇ ਬੀਜਦਾ ਬੜੇ ਹੀ ਪੋਰ ਲੋਕੋ॥

### ਵਜ਼ੀਰ ਖਾਂ ਨੂੰ ਬੰਦਾ ਸਿੰਘ ਦੇ ਅੱਗੇ ਪੇਸ਼ ਕਰਨਾ

1363 ਮੁਸ਼ਕਾਂ ਬੰਨ੍ਹ ਵਜ਼ੀਰ ਦੇ ਨੱਥ ਪਾ ਕੇ, ਬੰਦਾ ਸਿੰਘ ਦੇ ਅੱਗੇ ਬਹਾਇਆ ਏ।
ਤੰਬਾ, ਕੁੜਤਾ ਖ਼ੂਨ ਦੇ ਨਾਲ ਰੱਤਾ, ਤੀਰ ਮੱਥੇ 'ਚੋਂ ਨਹੀਂ ਪਟਾਇਆ ਏ।
ਸੱਦ ਮਾਸ਼ਕੀ ਧੋਤਾ ਮੂੰਹ ਉਸਦਾ, ਪਾਣੀ ਉਸਨੂੰ ਰੱਜ ਪਿਲਾਇਆ ਏ।
ਬੰਦਾ ਸਿੰਘ ਨੂੰ ਵੇਖ ਹਰਚੰਦ ਸਿੰਘਾ, ਸਿਰ ਸੂਬੇ ਨੇ ਨਹੀਂ ਉਠਾਇਆ ਏ॥

### ਸਿੰਘਾਂ ਦਾ ਸਰਹਿੰਦ ਵੱਲ ਨੂੰ ਕੂਚ

1364 ਸਿੰਘਾਂ ਨੇ ਸਰ ਮੈਦਾਨ ਕਰਕੇ, ਅਕਾਲ ਪੁਰਖ ਦਾ ਸ਼ੁਕਰ ਮਨਾਇਆ ਏ।
ਘੋੜੇ ਉਤੇ ਲੱਦ ਵਜ਼ੀਦ ਤਾਈਂ, ਸਰਹਿੰਦ ਵੱਲ ਨੂੰ ਚਾਲਾ ਪਾਇਆ ਏ।
ਕਰ ਕਬਜੇ ਜੰਗੀ ਸਾਮਾਨ ਸਾਰਾ, ਸਰਹਿੰਦੀ ਕਿਲ੍ਹੇ ਦੇ ਵੱਲ ਹਕਾਇਆ ਏ।
ਹਰਚੰਦ ਸਿੰਘਾ ਪਹਾੜ ਸੀ ਅੱਤ ਉੱਚਾ, ਸਿੰਘਾਂ ਸਿਦਕੀਆਂ ਅੰਤ ਨੂੰ ਢਾਇਆ ਏ॥

### ਸਰਹਿੰਦ ਦਾ ਕਿਲ੍ਹਾ ਸਰ ਕਰਨਾ

1365 ਕਈ ਕੋਹ ਦਾ ਕਰਕੇ ਸਫ਼ਰ ਸਿੰਘਾਂ, ਕਿਲ੍ਹਾ ਸਰਹਿੰਦ ਦਾ ਆਣ ਨਿਭਾਇਆ ਏ।
ਦਸਮੇਸ਼ ਪਿਤਾ ਦੀ ਆਗਿਆ ਲੈ ਸਿੰਘਾ, ਸਿੱਖ ਰਾਜ ਦਾ ਝੰਡਾ ਝੁਲਾਇਆ ਏ।
24 ਮਈ ਨੂੰ ਬੜੇ ਸਰਹਿੰਦ ਜਾ ਕੇ, ਘੇਰਾ ਸ਼ਹਿਰ ਦੁਆਲੇ ਪਾਇਆ ਏ।
ਹਰਚੰਦ ਸਿੰਘਾ ਗੁਰਾਂ ਨੇ ਜੋ ਕਿਹਾ, ਬੰਦਾ ਸਿੰਘ ਨੇ ਕਰ ਵਿਖਾਇਆ ਏ॥

### ਸਰਹਿੰਦ ਦੀ ਲੁੱਟ ਅਤੇ ਇੱਟ ਨਾਲ ਇੱਟ ਖੜਕਾਉਣੀ

1366 ਚਾਰ ਦਿਨ ਸਰਹਿੰਦ ਦੀ ਲੁੱਟ ਹੋਈ, ਇੱਟ ਨਾਲ ਸੀ ਇੱਟ ਖੜਕਾ ਦਿੱਤੀ।
ਸਜਾ ਦਿੱਤੀ ਸਿੰਘਾਂ ਨੇ ਜ਼ਾਲਮਾਂ ਨੂੰ, ਹਰ ਮਹਿਲ ਹਵੇਲੀ ਹੈ ਢਾਹ ਦਿੱਤੀ।
ਸੁੱਚਾ ਨੰਦ, ਵਜ਼ੀਰ ਤੇ ਸਾਥੀਆਂ ਦੀ, ਕੁੱਲ ਮਾਰ ਕੇ ਨਰਕੀ ਪਾ ਦਿੱਤੀ।
ਇੱਕ ਕੰਧ ਨੇ ਵੇਖ ਹਰਚੰਦ ਸਿੰਘਾ, ਹਰ ਕੰਧ ਸਰਹਿੰਦ ਦੀ ਢਾਹ ਦਿੱਤੀ॥

### ਬੰਦਾ ਸਿੰਘ ਨੇ ਸੂਬਾ ਸਰਹਿੰਦ ਵਜ਼ੀਰ ਖਾਂ ਨੂੰ ਸਜ਼ਾ ਦੇਣੀ

1367 ਬੰਦਾ ਸਿੰਘ ਨੇ ਫ਼ਤਹਿ ਸਰਹਿੰਦ ਕਰਕੇ, ਵਿੱਚ ਕਿਲ੍ਹੇ ਦੇ ਆਸਨ ਲਾਇਆ ਏ।
ਵਜ਼ੀਰ ਖ਼ਾਂ ਨੂੰ ਕੱਢ ਕੇ ਕੋਠੜੀ 'ਚੋਂ, ਵਿੱਚ ਜੁੱਤੀਆਂ ਆਣ ਬਹਾਇਆ ਏ।
ਜਿੱਥੇ ਉਸਨੇ ਜ਼ੁਲਮ ਅਥਾਹ ਕੀਤੇ, ਉਸੇ ਥਾਂ ਤੇ ਬੰਨ੍ਹ ਬਿਠਾਇਆ ਏ।
ਹਰਚੰਦ ਸਿੰਘਾ ਰੱਬ ਹੈ ਦੁਨੀਆਂ ਤੇ, ਯਾਦ ਉਸਨੂੰ ਉਥੇ ਆਇਆ ਏ॥

1368 ਬੰਦਾ ਸਿੰਘ ਲਲਕਾਰ ਕੇ ਕਹਿਣ ਲੱਗਾ, ਨਜ਼ਰਾਂ ਵੱਲ ਕਿਲ੍ਹੇ ਦੇ ਮਾਰ ਖ਼ਾਨਾ।
ਹਰ ਇੱਟ ਗਵਾਹੀ ਦੇਂਵਦੀ ਹੈ, ਕੀਤੇ ਰੱਜ ਤੈਂ ਅੱਤਿਆਚਾਰ ਖ਼ਾਨਾ।
ਭੋਰਾ ਭਰ ਦਸਮੇਸ਼ ਦੇ ਸਾਹਿਬਜ਼ਾਦੇ, ਚਿਣ ਦਿੱਤੇ ਸੀ ਵਿੱਚ ਦੀਵਾਰ ਖ਼ਾਨਾ।
ਤਰਸ ਕੀਤਾ ਨਾ ਮੂਲ ਹਰਚੰਦ ਸਿੰਘਾ, ਫੇਰੀ ਗਲਾਂ ਤੇ ਫਿਰ ਤਲਵਾਰ ਖ਼ਾਨਾ॥

1369 ਮਾਤਾ ਗੁਜਰੀ ਤੇਰੀ ਸੀ ਮਾਂ ਵਰਗੀ, ਤੈਂ ਤੇ ਉਸਦੀ ਲੈ ਲਈ ਜਾਨ ਸੂਬੇ।
ਤੈਨੂੰ ਭੋਰਾ ਇਸਲਾਮ ਦਾ ਇਲਮ ਨਾ ਹੀ, ਤੂੰ ਕੈਸਾ ਏਂ ਮੁਸਲਮਾਨ ਸੂਬੇ।
ਉੱਚਾ ਰੁਤਬਾ ਮਾਂ ਦਾ ਜੱਗ ਉਤੇ, ਮਾਂ ਹੁੰਦੀ ਵਾਂਗ ਕੁਰਾਨ ਸੂਬੇ।
ਮਾਵਾਂ ਜੱਗ ਤੇ ਸਭ ਦੀਆਂ ਸਾਂਝੀਆਂ ਨੇ, ਕੀਤਾ ਮਾਂ ਦਾ ਤੂੰ ਨਾ ਮਾਣ ਸੂਬੇ॥

1370 ਟੋਟੇ ਚੜ੍ਹ ਕੇ ਮੁੱਲਾਂ-ਕਾਜ਼ੀਆਂ ਦੇ, ਤੈਂ ਬੜਾ ਜ਼ੁਲਮ ਕਮਾਇਆ ਏ।
ਰਾਜਾ ਹੁੰਦਾ ਬੋਹੜ ਦੇ ਰੁੱਖ ਵਰਗਾ, ਜੋ ਕਰਦਾ ਸਭ ਨੂੰ ਛਾਇਆ ਏ।
ਦੁੱਖ ਦਿੱਤੇ ਤੈਂ ਸਿੱਖਾਂ-ਹਿੰਦੂਆਂ ਨੂੰ, ਬੂਟਾ ਜ਼ਹਿਰ ਦਾ ਆਪ ਉਗਾਇਆ ਏ।
ਹਰਚੰਦ ਸਿੰਘਾ ਅੰਤ ਨੂੰ ਪਿਆ ਖਾਣਾ, ਉਸ ਬੂਟੇ ਨੂੰ ਫਲ ਜੋ ਆਇਆ ਏ॥

*(ਬਾਕੀ ਅਗਲ ਅੰਕ ਵਿਚ)*

49 YEARS OF EXCELLENCE
THE LINK GROUP
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Arya Bhalla
778-788-2429


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਗਡਕਰੀ ਤੇ ਚੌਹਾਨ ਭਾਜਪਾ ਸੰਸਦੀ ਬੋਰਡ ਤੇ ਚੋਣ ਕਮੇਟੀ 'ਚੋਂ ਬਾਹਰ

ਨਵੀਂ ਦਿੱਲੀ-ਭਾਜਪਾ ਨੇ ਬੁੱਧਵਾਰ ਆਪਣੀ ਟਾਪ ਦੀਆਂ ਫੈਸਲੇ ਲੈਣ ਵਾਲੀਆਂ ਬਾਡੀਆਂ ਸੰਸਦੀ ਬੋਰਡ ਤੇ ਕੇਂਦਰੀ ਚੋਣ ਕਮਿਸ਼ਨ ਕਮੇਟੀ ਦਾ ਪੁਨਰਗਠਨ ਕੀਤਾ। ਸੀਨੀਅਰ ਆਗੂ ਤੇ ਕੇਂਦਰੀ ਮੰਤਰੀ ਨਿਤਿਨ ਗਡਕਰੀ, ਜਿਹੜੇ ਪਾਰਟੀ ਦੇ ਪ੍ਰਧਾਨ ਵੀ ਰਹਿ ਚੁੱਕੇ ਹਨ ਅਤੇ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੂੰ 11 ਮੈਂਬਰੀ ਬੋਰਡ ਤੇ 15 ਮੈਂਬਰੀ ਕਮੇਟੀ ਵਿਚੋਂ ਬਾਹਰ ਕਰ ਦਿੱਤਾ ਗਿਆ ਹੈ। ਸਾਬਕਾ ਆਈ ਪੀ ਐੱਸ ਅਫਸਰ ਇਕਬਾਲ ਸਿੰਘ ਲਾਲਪੁਰਾ, ਜਿਹੜੇ 2012 ਵਿਚ ਭਾਜਪਾ 'ਚ ਸ਼ਾਮਲ ਹੋਏ ਸਨ ਤੇ ਇਸ ਵੇਲੇ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਹਨ, ਨੂੰ ਦੋਹਾਂ ਅਹਿਮ ਕਮੇਟੀਆਂ ਵਿਚ ਪਾਇਆ ਗਿਆ ਹੈ। ਕਰਨਾਟਕ ਦੇ ਸਾਬਕਾ ਮੁੱਖ ਮੰਤਰੀ ਬੀ ਐੱਸ ਯੇਦੀਯੁਰੱਪਾ ਤੇ ਆਸਾਮ ਦੇ ਸਾਬਕਾ ਮੁੱਖ ਮੰਤਰੀ ਸਰਬਾਨੰਦ ਸੋਨੋਵਾਲ ਨੂੰ ਵੀ ਦੋਵਾਂ ਬਾਡੀਆਂ ਵਿਚ ਸ਼ਾਮਲ ਕੀਤਾ ਗਿਆ ਹੈ। ਬੋਰਡ 'ਚ ਛੇ ਨਵੇਂ ਚਿਹਰਿਆਂ ਨੂੰ ਸ਼ਾਮਲ ਕੀਤਾ ਹੈ। ਰਾਜ ਸਭਾ ਮੈਂਬਰ ਅਤੇ ਪਾਰਟੀ ਦੇ ਹੋਰਨਾਂ ਪੱਛੜੀਆਂ ਸ਼੍ਰੇਣੀਆਂ (ਓ ਬੀ ਸੀ) ਮੋਰਚਾ ਦੇ ਕੌਮੀ ਪ੍ਰਧਾਨ ਕੇ ਲਕਸ਼ਮਣ, ਪਾਰਟੀ ਦੀ ਕੌਮੀ ਸਕੱਤਰ ਤੇ ਸਾਬਕਾ ਸੰਸਦ ਮੈਂਬਰ ਸੁਧਾ ਯਾਦਵ ਅਤੇ ਸੀਨੀਅਰ ਆਗੂ ਤੇ ਸਾਬਕਾ ਸੰਸਦ ਮੈਂਬਰ ਸਤਿਆਨਾਰਾਇਣ ਜਾਤੀਆ ਨੂੰ ਸੰਸਦੀ ਬੋਰਡ ਤੇ ਚੋਣ ਕਮੇਟੀ ਦਾ ਮੈਂਬਰ ਬਣਾਇਆ ਗਿਆ ਹੈ। ਪਾਰਟੀ ਪ੍ਰਧਾਨ ਜੇ ਪੀ ਨੱਢਾ ਤੋਂ ਇਲਾਵਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਰੱਖਿਆ ਮੰਤਰੀ ਰਾਜਨਾਥ ਸਿੰਘ ਅਤੇ ਸੰਗਠਨ ਦੇ ਜਨਰਲ ਸਕੱਤਰ ਬੀ ਐੱਲ ਸੰਤੋਸ਼ ਪਹਿਲਾਂ ਹੀ ਸੰਸਦੀ ਬੋਰਡ ਦੇ ਮੈਂਬਰ ਹਨ। ਇਸ ਤੋਂ ਇਲਾਵਾ ਦੇਵੇਂਦਰ ਫੜਨਵੀਸ, ਓਮ ਮਾਥੁਰ, ਮਹਿਲਾ ਵਿੰਗ ਦੀ ਪ੍ਰਧਾਨ ਵਨਤੀ ਸ੍ਰੀਨਿਵਾਸਨ ਤੇ ਭੁਪਿੰਦਰ ਯਾਦਵ ਨੂੰ ਭਾਜਪਾ ਦੀ ਕੇਂਦਰੀ ਚੋਣ ਕਮੇਟੀ ਦਾ ਮੈਂਬਰ ਬਣਾਇਆ ਗਿਆ ਹੈ, ਜਦ ਕਿ ਸ਼ਾਹਨਵਾਜ਼ ਹੁਸੈਨ ਤੇ ਜੁਆਲ ਓਰਾਂਵ ਨੂੰ ਹਟਾ ਦਿੱਤਾ ਗਿਆ ਹੈ। ਬੋਰਡ ਤੇ ਚੋਣ ਕਮੇਟੀ ਵਿਚ ਕਿਸੇ ਭਾਜਪਾ ਮੁੱਖ ਮੰਤਰੀ ਨੂੰ ਥਾਂ ਨਹੀਂ ਮਿਲੀ ਹੈ। ਇਥੋਂ ਤੱਕ ਕਿ ਯੂ ਪੀ ਦੇ ਮੁੱਖ ਮੰਤਰੀ ਯੋਗੀ ਆਦਿਤਿਆ ਨਾਥ ਨੂੰ ਵੀ ਥਾਂ ਨਹੀਂ ਮਿਲੀ। ਯੋਗੀ ਦੇ ਸੂਬੇ ਯੂ ਪੀ ਵਿਚ ਲੋਕ ਸਭਾ ਦੀਆਂ 80 ਸੀਟਾਂ ਹਨ। ਦੱਸਿਆ ਜਾਂਦਾ ਹੈ ਕਿ ਹਿੰਦੂ ਸਮਰਾਟ ਵਜੋਂ ਯੋਗੀ ਦੀ ਮਸ਼ਹੂਰੀ ਮੋਦੀ ਤੇ ਸ਼ਾਹ ਨੂੰ ਰਾਸ ਨਹੀਂ ਆ ਰਹੀ। ਬੋਰਡ ਵਿਚ ਵਾਜਪਾਈ ਦੌਰ ਦੇ ਸਿਰਫ ਰੱਖਿਆ ਮੰਤਰੀ ਰਾਜਨਾਥ ਸਿੰਘ ਰਹਿ ਗਏ ਹਨ। 63 ਸਾਲ ਦੇ ਸ਼ਿਵਰਾਜ ਚੌਹਾਨ ਨੂੰ ਕੰਧ 'ਤੇ ਲਿਖਿਆ ਪੜ੍ਹਨਾ ਪੈਣਾ। ਸੁਸ਼ਮਾ ਸਵਰਾਜ ਤੇ ਐੱਲ ਕੇ ਅਡਵਾਨੀ ਵੱਲੋਂ ਅੱਗੇ ਲਿਆਂਦੇ ਚੌਹਾਨ ਖੁਦ ਨੂੰ ਪ੍ਰਧਾਨ ਮੰਤਰੀ ਦੀ ਕੁਰਸੀ ਦਾ ਉਮੀਦਵਾਰ ਸਮਝਦੇ ਰਹੇ ਹਨ। ਇਕ ਭਾਜਪਾ ਆਗੂ ਨੇ ਦੱਸਿਆ ਕਿ ਹੁਣ ਚੌਹਾਨ ਨੂੰ ਗਵਰਨਰੀ ਮਿਲੇਗੀ ਜਾਂ ਮਾਰਗ-ਦਰਸ਼ਕ ਮੰਡਲ ਵਿਚ ਸ਼ਾਮਲ ਹੋਣਗੇ। ਗਡਕਰੀ ਨੂੰ ਬਾਹਰ ਕਰਨਾ ਇਸ ਕਰਕੇ ਹੈਰਾਨ ਕਰਨ ਵਾਲਾ ਨਹੀਂ, ਕਿਉਂਕਿ ਉਹ ਹਰ ਹਫਤੇ ਆਰ ਐੱਸ ਐੱਸ ਦੇ ਨਾਗਪੁਰ ਸਥਿਤ ਹੈੱਡਕੁਆਰਟਰ ਜਾਂਦੇ ਸਨ, ਜੋ ਕਿ ਕੇਂਦਰੀ ਲੀਡਰਸ਼ਿਪ ਨੂੰ ਪਸੰਦ ਨਹੀਂ। ਉਜ ਤਾਂ ਫੜਨਵੀਸ ਵੀ ਆਰ ਐੱਸ ਐੱਸ ਦੇ ਪਸੰਦੀਦਾ ਸਨ, ਪਰ ਉਨ੍ਹਾ ਮੁੱਖ ਮੰਤਰੀ ਰਹਿਣ ਤੋਂ ਬਾਅਦ ਮਹਾਰਾਸ਼ਟਰ ਦਾ ਉਪ ਮੁੱਖ ਮੰਤਰੀ ਬਣਨ ਦੀ ਕੌੜੀ ਗੋਲੀ ਨਿਗਲ ਲਈ। ਨਵੀਆਂ ਨਿਯੁਕਤੀਆਂ ਤੋਂ ਸਾਫ ਹੈ ਕਿ ਮੋਦੀ ਹੀ ਫੈਸਲਾ ਲੈਂਦੇ ਹਨ ਤੇ ਬਾਕੀਆਂ ਨੂੰ ਉਸ ਮੁਤਾਬਕ ਚੱਲਣਾ ਪੈਂਦਾ ਹੈ।




## ਟੋਰਾਂਟੋ ਫਿਲਮ ਮੇਲੇ 'ਚ ਹਿਲੇਰੀ ਕਲਿੰਟਨ ਤੇ ਕਪਿਲ ਸ਼ਰਮਾ ਦੀਆਂ ਫਿਲਮਾਂ ਸ਼ਾਮਿਲ



ਟੋਰਾਂਟੋ-ਕੈਨੇਡਾ ਦੇ ਸ਼ਹਿਰ ਟੋਰਾਂਟੋ ਵਿਖੇ 8 ਤੋਂ 18 ਸਤੰਬਰ ਤੱਕ ਹੋਣ ਵਾਲੇ ਅੰਤਰਾਸ਼ਟਰੀ ਫਿਲਮ ਮੇਲੇ (ਟਿਫ) ਵਿਚ ਹਿਲੇਰੀ ਕਲਿੰਟਨ, ਉਨ੍ਹਾਂ ਦੀ ਬੇਟੀ ਚੇਲਸੀ ਅਤੇ ਭਾਰਤ ਤੋਂ ਕਾਮੇਡੀਅਨ ਕਪਿਲ ਸ਼ਰਮਾ ਦੀਆਂ ਫਿਲਮਾਂ ਸ਼ਾਮਿਲ ਕੀਤੀਆਂ ਗਈਆਂ ਹਨ ? ਆਮ ਭਾਰਤੀ ਪਰਿਵਾਰ ਦੀ ਕਹਾਣੀ ਬਿਆਨ ਕਰਦੀ 'ਜ਼ਵੀਗੇਟੋ' ਨੂੰ ਨੰਦਿਤਾ ਦਾਸ ਨੇ ਨਿਰਦੇਸ਼ਤ ਕੀਤਾ ਹੈ, ਜੋ 47ਵੇਂ 'ਟਿਫ' ਫਿਲਮ ਮੇਲੇ ਵਿਚ ਵਰਲਡ ਪ੍ਰੀਮੀਅਰ ਵਜੋਂ ਪ੍ਰਦਰਸ਼ਿਤ ਕੀਤੀ ਜਾਵੇਗੀ ? ਇਸ 'ਚ ਕਪਿਲ ਸ਼ਰਮਾ ਨੇ 'ਫੂਡ ਡਲਿਵਰ' ਕਰਨ ਦੀ ਭੂਮਿਕਾ ਨਿਭਾਈ ਹੈ ? ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਿੱਲ ਕਲਿੰਟਨ ਦੀ ਪਤਨੀ ਹਿਲੇਰੀ ਕਲਿੰਟਨ ਤੇ ਉਨ੍ਹਾ ਦੀ ਬੇਟੀ ਚੇਲਸੀ ਫਿਲਮ ਮੇਲੇ ਦੌਰਾਨ ਆਪਣੀ ਡਾਕੂਮੈਂਟਰੀ ਫਿਲਮ 'ਗਟਸੀ' ਲੈ ਕੇ ਟੋਰਾਂਟੋ ਵਿਖੇ ਪੁੱਜਣਗੀਆਂ ? ਮੇਲੇ ਦੇ ਮੁੱਖ ਪ੍ਰਬੰਧਕ ਕੈਮਰੋਨ ਬੇਲੀ ਨੇ ਦੱਸਿਆ ਕਿ ਅਸੀਂ ਫਿਲਮ ਮੇਲੇ 'ਚ ਹਿਲੇਰੀ ਅਤੇ ਚੇਲਸੀ ਦਾ ਸਵਾਗਤ ਕਰਨ ਲਈ ਉਤਾਵਲੇ ਹਾਂ ? 'ਗਟਸੀ' ਔਰਤਾਂ ਨੂੰ ਰਾਜਨੀਤੀ, ਕਲਾ ਤੇ ਹੋਰ ਖੇਤਰਾਂ 'ਚ ਅੱਗੇ ਆਉਣ ਲਈ ਪ੍ਰੇਰਿਤ ਕਰਨ ਵਾਲੀ ਡਾਕੂਮੈਂਟਰੀ ਹੈ ? ਬੇਲੀ ਨੇ ਆਖਿਆ ਕਿ ਹਿਲੇਰੀ ਅਤੇ ਚੇਲਸੀ 'ਟਿਫ-2022' ਦੇ 'ਗੈਸਟ ਸਪੀਕਰ' ਹਨ।



SURE SHOT LEARNING CENTER
ਸ਼ਿਯੋਰ-ਸ਼ੋਟ ਲਰਨਿੰਗ ਸੈਂਟਰ
604.446.2817
#102 9360 120 ਸਟਰੀਟ, ਸਰੀ



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663

## MATRIMONIALS

### ਲੜਕੀ ਦੀ ਲੋੜ

ਕੈਨੇਡੀਅਨ ਜੰਮਪਲ ਜੱਟ ਸਿੱਖ, ਬਹੁਤ ਹੀ ਸਾਊ, ਨਸ਼ਿਆਂ ਤੋਂ ਰਹਿਤ, ਵਧੀਆ ਜੌਬ ਕਰਦਾ ਲੜਕਾ, ਉਮਰ 37, ਕੱਦ 5'9" ਲਈ ਕੈਨੇਡੀਅਨ ਸਿਟੀਜਨ/ਪੀ.ਆਰ./ ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਤਲਾਕਸ਼ੁਦਾ ਬਿਨਾਂ (ਬਿਨਾਂ ਬੱਚੇ ਤੋਂ) ਵੀ ਸੰਪਰਕ ਕਰ ਸਕਦੇ ਹਨ। ਸਪੰਰਕ : 604-901-9044

♦♦♦♦♦♦♦♦♦♦♦♦♦

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 35 ਸਾਲ , ਕੱਦ 5'9" , ਕਲੀਨ ਸ਼ੇਵ, ਲੜਕੇ ਦਾ ਅਪਨਾ ਕਿਚਨ ਕੈਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਸੰਪਰਕ-604-710-7593

♦♦♦♦♦♦♦♦♦♦♦♦♦

ਕੈਨੇਡਾ 'ਚ ਰਹਿ ਰਿਹਾ ਪੀ ਆਰ ਜੱਟ ਸਿੱਖ ਸਿੱਧੂ ਲੜਕਾ ਉਮਰ 32 ਸਾਲ, ਕੱਦ 6 ਫੁੱਟ 1 ਇੰਚ ਵਾਸਤੇ ਕੈਨੇਡਾ ਦੀ ਇੰਮੀਗਰਾਂਟ/ਸਿਟੀਜ਼ਨ ਲੜਕੀ ਦੀ ਲੋੜ ਹੈ। ਵਿਜ਼ਟਰ ਜਾਂ ਪੜ੍ਹਾਈ ਲਈ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-832-2564

♦♦♦♦♦♦♦♦♦♦♦♦♦

ਜੱਟ ਸਿੱਖ ਉਮਰ 24 ਸਾਲ, ਕੱਦ 5 ਫੁੱਟ 6 ਇੰਚ ਜਿਸਨੇ ਇੰਡੀਆ 'ਚ ਪਿਛਲੇ ਸਾਲ Bachelor of Multimedia ਦੀ ਡਿਗਰੀ ਕੀਤਾ ਹੈ। ਮਾ-ਪਿਓ ਡੇਲਟਾ ਬ੍ਰਿਟਿਸ਼ ਕੋਲੰਬੀਆ, ਕੈਨੇਡਾ 'ਚ ਪੀ.ਆਰ. ਹਨ। ਇੰਡੀਆ ਅਤੇ ਕੈਨੇਡਾ 'ਚ ਕੋਈ ਪ੍ਰਾਪਰਟੀ ਨਹੀਂ। ਲੜਕਾ ਚੰਗੇ ਸੁਭਾਅ ਦੇ ਨਾਲ ਨਾਲ Non-Drinker ਵੀ ਹੈ। ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-347-5271

♦♦♦♦♦♦♦♦♦♦♦♦♦

### ਲੜਕੇ ਦੀ ਲੋੜ

ਜੱਟ ਸਿੱਖ ਕਨੇਡੀਅਨ ਸਿਟੀਜ਼ਨ R.N. ਹੌਸਪੀਟਲ ਵਿੱਚ ਜੌਬ ਕਰਦੀ ਲੜਕੀ ਉਮਰ 32 ਸਾਲ, ਕੱਦ 5 ਫੁੱਟ 6 ਇੰਚ, ਇਨੋਸੈਂਟਲੀ ਡਿਵੋਰਸੀ ਲਈ ਲੋਅਰ ਮੇਨਲੈਂਡ ਰਹਿੰਦੇ ਪੀ.ਆਰ. ਵੈਲ ਸੈਟਲ ਲੜਕੇ ਦੀ ਲੋੜ ਹੈ।Contact: 604-897-1298,
Whatsapp Number:
99-156-52029

## MATRIMONIALS

### ਲੜਕੇ ਦੀ ਲੋੜ

ਸਿੱਖ ਬਰਾੜ ਕੈਨੇਡੀਅਨ ਪੀ ਆਰ, ਉਮਰ 28 ਸਾਲ, ਕੱਦ ਪੰਜ ਫੁੱਟ ਇੰਚ, ਆਈ ਸੀ ਬੀ ਸੀ ਚ ਜੌਬ ਕਰਦੀ ਲੜਕੀ ਵਾਸਤੇ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ।ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ-
ਫੋਨ ਨੰਬਰ 91-77105-45805 (ਵੈਟਸਐਪ)

♦♦♦♦♦♦♦♦♦♦♦♦♦

### ਲੜਕੀ ਦੀ ਲੋੜ

ਜੱਟ ਸਿੱਖ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਗਰੈਜੂਏਟ, ਫੈਮਿਲੀ ਬਿਜਨਸ ਵਿੱਚ ਮੈਨੇਜਰ, ਇੰਡੀਆ' ਚ ਰਹਿੰਦੇ ਲੜਕੇ ਲਈ ਕੈਨੇਡਾ 'ਚ ਸਟਡੀ ਵੀਜਾ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਜੇਕਰ ਲੋੜ ਪਵੇ ਤਾਂ ਪੜ੍ਹਾਈ ਦੇ ਖਰਚੇ ਦੀ ਮਦਦ ਵੀ ਕਰ ਸਕਦੇ ਹਾਂ। ਲੜਕੇ ਦੀਆਂ ਦੋ ਭੈਣਾ ਵਿੱਚੋ ਇਕ ਕੈਨੇਡਾ 'ਚ ਪੀ.ਆਰ. ਹੈ। ਚਾਹਵਾਨ ਸਪੰਰਕ ਕਰੋ-
ਫੋਨ ਨੰਬਰ 77837 89444

## EMPLOYMENTS

### ਵਰਕਰਾਂ ਦੀ ਲੋੜ

ਸਰੀ ਵਿੱਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿਤੀ ਜਾਵੇਗੀ। ਸਰੀ ਅਤੇ ਡੈਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ।ਅੱਜ ਹੀ ਸੰਪਰਕ 604-307-7008

♦♦♦♦♦♦♦♦♦♦♦♦♦

ਸਟੋਰ ਤੇ ਕੰਮ ਕਰਨ ਲਈ ਲੜਕੀਆ ਦੀ ਲੋੜ ਹੈ। ਵਧੀਆ ਤਨਖਾਹ ਦੀਤੀ ਜਾਵੇਗੀ। ਹੋਰ ਜਾਣਕਾਰੀ ਲਈ ਸੁੰਪਰਕ ਕਰੋ 604-339-2389

♦♦♦♦♦♦♦♦♦♦♦♦♦

S K Framing ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਤਜਰਬੇ ਦੀ ਕੋਈ ਲੋੜ ਨਹੀਂ। ਕੰਮ ਰਿਚਮੰਡ ਵਿਚ ਹੈ। ਸਰੀ ਤੋਂ ਰਾਈਡ ਦਾ ਪ੍ਰਬੰਧ ਹੈ। ਕੰਮ ਕਰਨ ਲਈ ਅਤੇ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-834-7458 'ਤੇ ਸੰਪਰਕ ਕਰੋ।

## EMPLOYMENTS

### ਵਰਕਰਾਂ ਦੀ ਲੋੜ

S K Farming ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਤਜ਼ਰਬੇ ਦੀ ਕੋਈ ਲੋੜ ਨਹੀਂ । ਕੰਮ ਰਿਚਮੰਡ ਵਿਚ ਹੈ। ਸਰੀ ਤੋਂ ਰਾਈਡ ਦਾ ਪ੍ਰੰਬਧ ਹੈ। ਕੰਮ ਕਰਨ ਲਈ ਅਤੇ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-834-7458 ਤੇ ਸੰਪਰਕ ਕਰੋ।

### ਵਰਕਰਾਂ ਦੀ ਲੋੜ

ਐਬਟਸਫੋਰਡ ਦੀ ਮੰਨੀ ਪ੍ਰਮੰਨੀ ਕੰਪਨੀ ਜੇ. ਕੇ.ਜ਼ੇ. ਕੰਟਰੈਕਟਿੰਗ ਲਿਮਟਿਡ ਵਾਲਿਆਂ ਨੂੰ ਨਰਸਰੀ, ਕਰੇਨਬੇਰੀ ਲਈ ਫਾਰਮ ਵਰਕਰਾਂ ਦੀ ਤੁੰਰਤ ਲੋੜ ਹੈ। ਕੰਮ ਪਲਾਂਟਿੰਗ, ਪੋਟਿੰਗ, ਬੇਰੀ ਤੋੜਨ ਅਤੇ ਕਰੇਨਬੇਰੀ ਦਾ ਹੋਵੇਗਾ ਅਤੇ ਸਾਰਾ ਸਾਲ ਚਲੇੱਗਾ ।ਕੰਮ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ । ਮਿਸ਼ਨ, ਐਬਟਸਫੋਰਡ ਅਤੇ ਐਲਡਰਗਰੋਵ ਤੋਂ ਰਾਈਡ ਦਾ ਪੂਰਾ ਪ੍ਰੰਬਧ ਹੋਵੇਗਾ। ਸਾਨੂੰ ਡਰਾਈਵਾਰ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ- ਚਰਨਜੀਤ ਕੌਰ 604-309-8705

♦♦♦♦♦♦♦♦♦♦♦♦♦

### ਵਰਕਰਾਂ ਦੀ ਲੋੜ

ਫਾਸਟ ਡਾਰਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੇਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਅੱਜ ਹੀ ਸੰਪਰਕ ਕਰੋ-
ਸਾਹਿਬ ਸਿੰਘ 778-863-9000

## EMPLOYMENTS

### ਡਿਲਵਰੀ ਪਰਸਨ ਦੀ ਲੋੜ

ਬਰਨਬੀ ਵਿੱਚ ਸਥਿਤ ਇੰਡੀਅਨਲਾਈਫ ਫੂਡ ਕਾਰਪੋਰੇਸ਼ਨ ਵਾਲਿਆਂ ਨੂੰ ਫੁੱਲ-ਟਾਈਮ ਡਿਲੀਵਰੀ ਵਿਅਕਤੀ ਦੀ ਜ਼ਰੂਰਤ ਹੈ। ਊਰਜਾਵਾਨ, ਮਿਹਨਤੀ, ਉਤਸ਼ਾਹੀ ਅਤੇ ਟੀਮ ਪਲੇਅਰ ਹੋਵੇ। ਕਲਾਸ 5 ਦਾ ਡਰਾਈਵਰ ਲਾਈਸੰਸ ਅਤੇ ਸਾਫ ਡਰਾਈਵਿੰਗ ਦਾ ਰਿਕਾਰਡ ਹੋਣਾ ਲਾਜ਼ਮੀ ਅੰਗਰੇਜ਼ੀ ਵਿੱਚ ਗਲਬਾਤ ਕਰਨ ਦੇ ਯੋਗ ਹੋਣਾ ਚਾਹੀਦਾ ਹੈ।ਅਪਲਾਈ ਕਰਨ ਸਮੇਂ ਕ੍ਰਿਪਾ ਕਰਕੇ ਅਪਣੇ ਡਰਾਈਵਰ ਐਬਸਟਰੈਕਟ ਦੀ ਇੱਕ ਕਾਪੀ ਲਿਆਊ। ਹੋਰ ਜਾਣਕਾਰੀ ਲਈ ਸਪੰਰਕ ਕਰੋ 604-298-5000

ap 23

♦♦♦♦♦♦♦♦♦♦♦♦♦

# ਪ੍ਰੇਮੀ ਜੋੜਾ ਲੁਧਿਆਣਾ ਤੋਂ ਚੋਰੀ ਕੀਤੀਆਂ ਐਕਟਿਵਾ ਵੇਚਣ ਆਇਆ ਫੜਿਆ ਗਿਆ

ਜਲੰਧਰ-ਲੁਧਿਆਣੇ ਵਿੱਚ ਲਿਵ ਇਨ ਰਿਲੇਸ਼ਨ ਵਿੱਚ ਰਹਿੰਦੇ ਪ੍ਰੇਮੀ ਜੋੜੇ ਨੂੰ ਸੀ ਆਈ ਏ ਸਟਾਫ ਦੀ ਪੁਲਸ ਨੇ ਚੋਰੀ ਦੀਆਂ ਦੋ ਐਕਟਿਵਾ ਸਮੇਤ ਗ੍ਰਿਫ਼ਤਾਰ ਕੀਤਾ ਹੈ। ਦੋਵੇਂ ਮੁਲਜ਼ਮ ਲੁਧਿਆਣੇ ਤੋਂ ਐਕਟਿਵਾ ਉੱਤੇ ਆਏ ਸਨ, ਜਿਨ੍ਹਾਂ ਨੂੰ ਵੇਚਣ ਪਿੱਛੋਂਉਨ੍ਹਾਂ ਬੱਸ ਰਾਹੀਂ ਵਾਪਸ ਲੁਧਿਆਣੇ ਜਾਣਾ ਸੀ। ਪੁਲਸ ਨੇ ਮੁਲਜ਼ਮਾਂ ਨੂੰ ਰਿਮਾਂਡ ਉੱਤੇ ਲੈ ਕੇ ਪੁੱਛਗਿੱਛ ਕੀਤੀ ਤਾਂ ਉਨ੍ਹਾਂ ਤੋਂ ਚੋਰੀ ਦੇ ਤਿੰਨ ਮੋਟਰਸਾਈਕਲ ਵੀ ਮਿਲੇ ਹਨ। ਸੀ ਆਈ ਏ ਸਟਾਫ-1 ਦੇ ਇੰਚਾਰਜ ਅਸ਼ੋਕ ਕੁਮਾਰ ਸ਼ਰਮਾ ਨੇ ਦੱਸਿਆ ਕਿ ਉਨ੍ਹਾਂ ਦੀ ਟੀਮ ਨੇ ਗੁਪਤ ਸੂਚਨਾ ਉੱਤੇ ਪਠਾਨਕੋਟ ਚੌਕ ਨੇੜੇ ਨਾਕਾਬੰਦੀ ਕੀਤੀ ਸੀ। ਇਸ ਦੌਰਾਨ ਵੱਖ-ਵੱਖ ਚਿੱਟੇ ਰੰਗ ਦੀਆਂ ਐਕਟਿਵਾ ਉੱਤੇ ਸਵਾਰ ਇੱਕ ਨੌਜਵਾਨ ਅਤੇ ਔਰਤ ਅਚਾਨਕ ਪੁਲਸ ਨੂੰ ਦੇਖ ਕੇ ਰੁਕ ਗਏ। ਸ਼ੱਕ ਪੈਣ ਉੱਤੇ ਉਨ੍ਹਾਂ ਦੀ ਟੀਮ ਨੇ ਉਨ੍ਹਾਂ ਨੂੰ ਘੇਰ ਕੇ ਪੁੱਛਗਿੱਛ ਕੀਤੀ ਅਤੇ ਐਕਟਿਵਾ ਉੱਤੇ ਲੱਗੇ ਨੰਬਰ ਪਲੇਟ ਤੋਂ ਨੰਬਰ ਚੈਕ ਕੀਤਾ ਤਾਂ ਜਾਅਲੀ ਨਿਕਲਿਆ। ਮੁਲਜ਼ਮਾਂ ਨੇ ਆਪਣੇ ਨਾਂ ਗੁਰਪ੍ਰੀਤ ਗੋਪੀ ਪੁੱਤਰ ਜੋਗਿੰਦਰਪਾਲ ਵਾਸੀ ਭੱਟੀਆਂ ਕਾਲੋਨੀ ਲੁਧਿਆਣਾ ਅਤੇ ਨੀਤੂ ਪਤਨੀ ਸੋਨੂੰ ਲਾਖਾ ਮੂਲ ਵਾਸੀ ਮੋਤੀਬਾਗ ਜਲੰਧਰ ਦੱਸਿਆ। ਉਨ੍ਹਾਂ ਨੇ ਮੰਨਿਆ ਕਿ ਉਹ ਬਿਨਾਂ ਵਿਆਹ ਕਰਵਾਏ ਇਕੱਠੇ ਲੁਧਿਆਣੇ ਰਹਿੰਦੇ ਹਨ ਅਤੇ ਪਿਛਲੇ ਇੱਕ ਸਾਲ ਤੋਂ ਇੱਕ-ਦੂਜੇ ਨੂੰ ਜਾਣਦੇ ਹਨ। ਪੁੱਛਗਿੱਛ ਵਿੱਚ ਪਤਾ ਲੱਗਾ ਕਿ ਮੁਲਜ਼ਮਾਂ ਨੇ ਦੋਵੇਂ ਐਕਟਿਵਾ ਲੁਧਿਆਣੇ ਦੇ ਇੱਕ ਪਾਰਕਿੰਗ ਸਥਾਨ ਤੋਂ ਚੋਰੀ ਕੀਤੀਆਂ ਅਤੇ ਵੇਚਣ ਏਥੇ ਆਏ ਸਨ। ਗੋਪੀ ਅਕਸਰ ਚੋਰੀ ਦੇ ਵਾਹਨ ਵੇਚਣ ਲਈ ਨੀਤੂ ਨੂੰ ਅੱਗੇ ਕਰਦਾ ਸੀ ਤਾਂ ਜੋ ਕਿਸੇ ਨੂੰ ਸ਼ੱਕ ਨਾ ਹੋਵੇ। ਫੜੇ ਜਾਣ ਦੇ ਡਰੋਂ ਉਹ ਲੁਧਿਆਣਾ ਤੋਂ ਜਲੰਧਰ ਐਕਟਿਵਾ ਵੇਚਣ ਆਏ ਸਨ। ਉਨ੍ਹਾ ਦੀ ਨਿਸ਼ਾਨਦੇਹੀ ਉੱਤੇ ਤਿੰਨ ਸਪਲੈਂਡਰ ਮੋਟਰਸਾਈਕਲ ਵੀ ਮਿਲੇਹਨ, ਜਿਨ੍ਹਾਂ ਨੂੰ ਐਕਟਿਵਾ ਤੋਂ ਬਾਅਦ ਵੇਚਣਾ ਸੀ।ਗੋਪੀ ਇਲੈਕਟ੍ਰੀਸ਼ੀਅਨ ਹੈ ਅਤੇ ਨੀਤੂ ਲੁਧਿਆਣੇ ਵਿੱਚ ਪ੍ਰਾਈਵੇਟ ਜੌਬ ਕਰਦੀ ਹੈ। ਨੀਤੂ ਦਾ ਵਿਆਹ ਕਿਸੇ ਹੋਰ ਨਾਲ ਹੋਇਆ ਸੀ ਪਰ ਅੱਜਕੱਲ਼ਹ ਗੋਪੀ ਨਾਲ ਹੀ ਲਿਵ ਇਨ ਰਿਲੇਸ਼ਨ ਵਿੱਚ ਰਹਿੰਦੀ ਹੈ।

# ਭਾਜਪਾ ਨੇਤਾ ਸ਼ਾਹਨਵਾਜ਼ ਹੁਸੈਨ ਖਿਲਾਫ ਬਲਾਤਕਾਰ ਦਾ ਕੇਸ ਦਰਜ ਕਰਨ ਦੇ ਹੁਕਮ

## • ਅਦਾਲਤ ਨੇ ਜਾਂਚ ਲਈ ਸਮਾਂ ਸੀਮਾ ਵੀ ਤੈਅ ਕੀਤੀ

ਨਵੀਂ ਦਿੱਲੀ-ਦਿੱਲੀ ਹਾਈ ਕੋਰਟ ਨੇ ਸਾਬਕਾ ਕੇਂਦਰੀ ਮੰਤਰੀ ਅਤੇ ਸੀਨੀਅਰ ਭਾਜਪਾ ਨੇਤਾ ਸ਼ਾਹਨਵਾਜ਼ ਹੁਸੈਨ ਦੇ ਖਿਲਾਫ ਬਲਾਤਕਾਰ ਦਾ ਕੇਸ ਦਰਜ ਕਰਨ ਦਾ ਹੁਕਮ ਦਿੱਤਾ ਹੈ। ਇਹ ਹੁਕਮ 2018 ਵਿੱਚ ਭਾਜਪਾ ਨੇਤਾ ਉੱਤੇ ਲੱਗੇ ਦੋਸ਼ਾਂ




ਕਾਰਨਦਿੱਤਾ ਗਿਆ ਹੈ। ਹਾਈਕੋਰਟ ਨੇ ਪੁਲਿਸ ਨੂੰ ਤਿੰਨ ਮਹੀਨਿਆਂ ਵਿੱਚ ਜਾਂਚ ਪੂਰੀ ਕਰਕੇ ਹੇਠਲੀ ਅਦਾਲਤ ਨੂੰ ਰਿਪੋਰਟ ਸੌਂਪਣ ਲਈ ਕਿਹਾ ਹੈ।ਜਸਟਿਸ ਆਸ਼ਾ ਮੇਨਨ ਨੇ ਸੁਣਵਾਈ ਦੌਰਾਨ ਦਿੱਲੀ ਪੁਲਿਸ ਨੂੰ ਫਟਕਾਰ ਲਾਈ ਤੇ ਕਿਹਾ ਕਿ ਪੁਲਿਸ ਦਾ ਵਿਹਾਰ ਢਿੱਲਾ ਹੈ। ਦੂਸਰੇ ਪਾਸੇ ਸੁਪਰੀਮ ਕੋਰਟ ਵਿੱਚ ਦਾਇਰ ਅਪੀਲ ਵਿੱਚ ਭਾਜਪਾ ਨੇਤਾ ਨੇ ਕਿਹਾ ਕਿ ਇਸ ਕੇਸ ਉੱਤੇ ਜਲਦੀ ਸੁਣਵਾਈ ਹੋਣੀ ਚਾਹੀਦੀ ਹੈ, ਪਰ ਅਦਾਲਤ ਨੇ ਇਸ ਤੋਂ ਨਾਂਹ ਕਰ ਦਿੱਤੀ ਹੈ। ਪੀੜਤਾ ਨੇ ਜਨਵਰੀ 2018 ਵਿੱਚ ਹੇਠਲੀ ਅਦਾਲਤ ਵਿੱਚਅਰਜ਼ੀ ਪੇਸ਼ ਕਰ ਕੇ ਸ਼ਾਹਨਵਾਜ਼ ਹੁਸੈਨ ਦੇ ਖਿਲਾਫਬਲਾਤਕਾਰ ਕੇਸ ਦਰਜ ਕਰਨ ਦੀ ਅਪੀਲ ਕੀਤੀ ਸੀ।ਉਸ ਨੇ ਦੱਸਿਆ ਸੀ ਕਿ ਭਾਜਪਾ ਨੇਤਾ ਨੇ ਛਤਰਪੁਰ ਫਾਰਮ ਹਾਊਸ ਉੱਤੇ ਉਸ ਨਾਲ ਬਲਾਤਕਾਰ ਕੀਤਾਅਤੇਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਸਨ। ਪੀੜਤਾ ਨੇ ਦਿੱਲੀ ਪੁਲਿਸ ਤੋਂ ਕੇਸ ਦਰਜ ਕਰਨ ਦੀ ਮੰਗ ਕੀਤੀ ਸੀ। ਮੈਟਰੋਪੋਲਿਟਨ ਮੈਜਿਸਟਰੇਟ ਨੇ 12 ਜੁਲਾਈ 2018 ਨੂੰ ਸ਼ਾਹਨਵਾਜ਼ ਹੁਸੈਨ ਦੇ ਵਿਰੁੱਧ ਕੇਸਦਰਜ ਕਰਨ ਦਾ ਹੁਕਮ ਦਿੱਤਾ ਸੀ, ਪਰ ਸ਼ਾਹਨਵਾਜ਼ ਨੇ ਇਸ ਬਾਰੇ ਰਿਵੀਜ਼ਨ ਪਟੀਸ਼ਨ ਦਾਇਰ ਕਰ ਦਿੱਤੀ ਸੀ। ਇਸ ਅਪੀਲ ਰੱਦ ਹੋਣ ਪਿੱਛੋਂ ਭਾਜਪਾ ਨੇਤਾ ਨੇ ਦਿੱਲੀ ਹਾਈ ਕੋਰਟ ਪਹੁੰਚ ਕੀਤੀ, ਪਰ ਏਥੇ ਵੀ ਰਾਹਤ ਨਹੀਂ ਮਿਲੀ ਅਤੇਉਸਦੇ ਖਿਲਾਫ ਕੇਸ ਦਰਜ ਹੋ ਗਿਆ। ਅਦਾਲਤ ਨੇ ਕਿਹਾ ਕਿ ਕੇਸ ਸ਼ਿਕਾਇਤਵਿੱਚ ਦਰਜ ਅਪਰਾਧ ਦੀ ਜਾਂਚ ਦਾ ਆਧਾਰ ਹੈ। ਪੁਲਿਸ ਜਾਂਚ ਤੋਂ ਬਾਅਦ ਇਸ ਨਤੀਜੇ ਉੱਤੇ ਪਹੁੰਚ ਸਕਦੀ ਹੈ ਕਿ ਜੁਰਮ ਕੀਤਾ ਗਿਆ ਜਾਂ ਨਹੀਂ ਜਾਂ ਇਸ ਕੇਸ ਦੀ ਪੈਰਵੀ ਕਰਨੀ ਹੈ ਜਾਂ ਇਹ ਮੰਨਣਾ ਹੈ ਕਿ ਕੋਈ ਕੇਸ ਹੀ ਨਹੀਂ ਬਣਦਾ।






## ਲੁਧਿਆਣਾ ਤੋਂ ਅਗਵਾ 3 ਮਹੀਨੇ ਦਾ ਬੱਚਾ ਪੁਲੀਸ ਨੇ ਬਠਿੰਡਾ ਤੋਂ ਬਰਾਮਦ ਕੀਤਾ

ਲੁਧਿਆਣਾ-ਥਾਣਾ ਦੁੱਗਰੀ 'ਚ ਪੈਂਦੇ ਸ਼ਹੀਦ ਭਗਤ ਸਿੰਘ ਨਗਰ ਤੋਂ ਬੀਤੇ ਦਿਨ ਅਗਵਾ ਕੀਤੇ ਤਿੰਨ ਮਹੀਨੇ ਦੇ ਬੱਚੇ ਨਿਹਾਲ ਨੂੰ ਪੁਲੀਸ ਨੇ 24 ਘੰਟਿਆਂ 'ਚ ਦੇਰ ਰਾਤ ਬਠਿੰਡਾ ਤੋਂ ਬਰਾਮਦ ਕਰ ਲਿਆ।ਪ੍ਰਾਪਤ ਜਾਣਕਾਰੀ ਮੁਤਾਬਕ ਅਗਵਾਕਾਰਾਂ ਨੇ ਬੱਚੇ ਨੂੰ ਅਗਵਾ ਕਰਨ ਬਾਅਦ ਬਠਿੰਡਾ ਦੇ ਕਿਸੇ ਵਿਅਕਤੀ ਨੂੰ 50 ਹਜ਼ਾਰ ਰੁਪਏ 'ਚ ਵੇਚ ਦਿੱਤਾ ਸੀ, ਜਿਸ ਤੋਂ ਪੁਲੀਸ ਨੇ ਬੱਚੇ ਨੂੰ ਬਰਾਮਦ ਕੀਤਾ ਹੈ। ਮਾਮਲੇ ਵਿਚ 5 ਅਗਵਾਕਾਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਤੇ ਜਿਨ੍ਹਾਂ 'ਚੋਂ ਇਕ ਪੀੜਤ ਪਰਿਵਾਰ ਦਾ ਜਾਣਕਾਰ ਸੀ। ਬੱਚੇ ਦਾ ਸੌਦਾ ਬਠਿੰਡਾ ਦੇ ਰਹਿਣ ਵਾਲੇ ਵਿਅਕਤੀ ਵਲੋਂ ਅੱਗੇ ਕਿਸੇ ਨਾਲ ਕੀਤਾ ਗਿਆ ਸੀ ਅਤੇ ਬੱਚੇ ਨੂੰ ਉਥੇ ਭੇਜਿਆ ਜਾਣਾ ਸੀ ਕਿ ਪੁਲੀਸ ਨੇ ਬੱਚੇ ਨੂੰ ਬਰਾਮਦ ਕਰ ਲਿਆ।

## ਧੀ ਨੂੰ ਮਾਰ ਕੇ ਮਾਂ ਨੇ ਖ਼ੁਦਕੁਸ਼ੀ ਕੀਤੀ

ਹੁਸ਼ਿਆਰਪੁਰ-ਇੱਥੇ ਇੱਕ ਔਰਤ ਨੇ ਆਪਣੀ 9 ਸਾਲਾ ਬੱਚੀ ਨੂੰ ਪਾਣੀ ਦੀ ਟੈਂਕੀ ਵਿੱਚ ਸੁੱਟ ਦਿੱਤਾ ਅਤੇ ਫਿਰ ਪੁੱਤ ਨੂੰ ਫਾਹੇ ਲਾ ਕੇ ਬਾਅਦ ਵਿੱਚ ਆਪ ਵੀ ਫਾਹਾ ਲੈ ਲਿਆ ਹੈ।ਇਸ ਘਟਨਾ ਵਿੱਚ ਕੁੜੀ ਦੀ ਮਾਂ ਅਤੇ ਕੁੜੀ ਦੀ ਮੌਤ ਹੋ ਗਈ ਪਰ ਮੁੰਡੇ ਨੇ ਕਿਸੇ ਤਰੀਕੇ ਨਾਲ ਆਪਣਾ ਬਚਾਅ ਕਰ ਲਿਆ। ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਥਾਣਾ ਮਾਡਲ ਟਾਊਨ ਦੇ ਪੁਲਸ ਅਧਿਕਾਰੀ ਵੀ ਮੌਕੇ ਉੱਤੇ ਪਹੁੰਚੇ। ਮ੍ਰਿਤਕ ਮਹਿਲਾ ਦੇ ਪਤੀ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਉਹ ਪਿੰਡ ਮਿਰਜਾਪੁਰ ਦੇ ਵਸਨੀਕ ਹਨ ਅਤੇ ਇੱਥੇ ਹੁਸ਼ਿਆਰਪੁਰ ਦੇ ਫੋਕਲ ਪੁਆਇੰਟ ਵਿਖੇ ਰਹਿੰਦੇ ਹਨ। ਉਸ ਦੀ ਪਤਨੀ ਵਿਦਿਆ ਮਾਨਸਿਕ ਤੌਰ ਉੱਤੇ ਪ੍ਰੇਸ਼ਾਨ ਸੀ ਅਤੇ ਕੱਲ੍ਹ ਉਸ ਵੱਲੋਂ ਘਰ ਵਿੱਚ ਬੱਚਿਆਂ ਨੂੰ ਲੁਕਣਮੀਟੀ ਖੇਡਣ ਦੀ ਗੱਲ ਕਹਿ ਕੇ ਅੱਖਾਂ ਉੱਤੇ ਪੱਟੀ ਬੰਨ੍ਹ ਦਿੱਤੀ, ਜਿਸ ਤੋਂ ਬਾਅਦ ਉਸ ਵੱਲੋਂ ਪਹਿਲਾਂ ਆਪਣੀ ਕੁੜੀ, ਜੋ ਦੂਜੀ ਜਮਾਤ ਦੀ ਵਿਦਿਆਰਥਣ ਸੀ, ਨੂੰ ਪਾਣੀ ਵਾਲੀ ਟੈਂਕੀ ਵਿੱਚ ਹੱਥ ਬੰਨ੍ਹ ਕੇ ਡੋਬ ਦਿੱਤਾ, ਫਿਰ ਮੁੰਡੇ ਨੂੰ ਫਾਹਾ ਦੇ ਦਿੱਤਾ ਅਤੇ ਬਾਅਦ ਵਿੱਚ ਖ਼ੁਦਕੁਸ਼ੀ ਕਰ ਲਈ। ਉਸ ਨੇ ਦੱਸਿਆ ਕਿ ਮੁੰਡੇ ਨੇ ਆਪਣੇ ਆਪ ਨੂੰ ਕਿਸੇ ਤਰ੍ਹਾਂ ਨਾਲ ਬਚਾਅ ਲਿਆ ਪਰ ਉਸ ਦੀ ਬੇਟੀ ਅਤੇ ਪਤਨੀ ਦੀ ਮੌਤ ਹੋ ਗਈ।



## ਮਰਦ ਏਥੇ ਵਿਆਹੁਤਾ ਔਰਤਾਂ ਨੂੰ ਉਨ੍ਹਾਂ ਦੇ ਪਤੀਆਂ ਤੋਂ ਖੋਹ ਲੈਂਦੇ ਨੇ !

ਲਾਗੋਸ-ਸ਼ਾਦੀ ਨੂੰ ਦੁਨੀਆ ਦੇ ਹਰ ਸਮਾਜ ਵਿੱਚ ਬੇਹੱਦ ਖਾਸ ਸੰਸਕਾਰ ਮੰਨਿਆ ਜਾਂਦਾ ਹੈ। ਪੁਰਸ਼ ਤੇ ਇਸਤਰੀ ਦੇ ਵਿੱਚ ਪਰਵਾਰ ਨੂੰ ਅੱਗੇ ਵਧਾਉਣ ਦੇ ਉਦੇਸ਼ ਨਾਲ ਕੀਤੇ ਗਏ ਇਸ ਬੰਧਨ ਨੂੰ ਅਲੱਗ-ਅਲੱਗ ਦੇਸ਼ਾਂ ਵਿੱਚ ਅਲੱਗ-ਅਲੱਗ ਰੂਪ ਦਿੱਤੇ ਗਏ ਹਨ। ਸਮੇਂ ਨਾਲ ਸ਼ਾਦੀਆਂ ਵਿੱਚ ਵੀ ਬਦਲਾਅ ਹੋਏ ਹਨ ਪਰ ਕਈ ਆਦਿਵਾਸੀ ਕਬੀਲੇ ਅੱਜ ਵੀ ਪੁਰਾਣੇ ਸਮੇਂ ਦੀਆਂ ਆਪਣੀਆਂ ਪਰੰਪਰਾਵਾਂ ਤੇ ਮਾਨਤਾਵਾਂ ਦਾ ਪਾਲਣ ਕਰਦੇ ਹਨ। ਅਫਰੀਕਾ ਦੇ ਸਾਹੇਲ ਖੇਤਰ ਵਿੱਚ ਰਹਿੰਦਾ ਵਣਜਾਰਾ ਆਦਿਵਾਸੀ ਕਬੀਲਾ ਵੋਦਾਬੀ ਦੁਨੀਆ ਵਿੱਚ ਆਪਣੀ ਤਰ੍ਹਾਂ ਦੀ ਪਰੰਪਰਾ ਲਈ ਪ੍ਰਸਿੱਧ ਹੈ। ਇਸ ਕਬੀਲੇ ਵਿੱਚ ਔਰਤਾਂ ਨੂੰ ਕਾਫ਼ੀ ਛੋਟ ਹੈ। ਇਥੇ ਸ਼ਾਦੀ ਅਤੇ ਸੰਬੰਧਾਂ ਬਾਰੇ ਕਾਫ਼ੀ ਅਲੱਗ ਮਾਨਤਾ ਹੈ। ਇਸ ਕਬੀਲੇ ਦੀ ਸਭ ਤੋਂ ਖਾਸ ਪ੍ਰਥਾ ਹੈ ਦੂਸਰੇ ਮਰਦਾਂ ਦੀ ਪਤਨੀ ਚੁਰਾਉਣਾ। ਇਹ ਖਾਸ ਤਿਉਹਾਰ ਮੰਨਿਆ ਜਾਂਦਾ ਹੈ ਜਿਸ ਨੂੰ ਇਥੇ 'ਦੀ' ਕਹਿੰਦੇ ਹਨ ਜੋ 10 ਦਿਨ ਚੱਲਦਾ ਹੈ। ਇਸ ਨੂੰ 'ਵਾਈਫ ਸਟੀਲਿੰਗ ਫੈਸਟੀਵਲ ਵੀ ਕਿਹਾ ਜਾਂਦਾ ਹੈ। ਤਿਉਹਾਰ ਦੇ ਦਿਨ ਮਰਦ ਘੰਟਿਆਂ ਬੱਧੀ ਤਿਆਰ ਹੁੰਦੇ ਅਤੇ ਅਜਬ-ਗਜ਼ਬ ਪੌਸ਼ਾਕਾਂ ਪਾਉਂਦੇ ਹਨ। ਉਹ ਆਪਣੇ ਚਿਹਰੇ ਉੱਤੇ ਕੁਦਰਤੀ ਚੀਜ਼ਾਂ ਦਾ ਇਸਤੇਮਾਲ ਕਰ ਕੇ ਮੇਕਅਪ ਕਰਦੇ ਤੇ ਬੁੱਲ੍ਹਾਂ ਉੱਤੇ ਪੇਂਟ ਲਾਉਂਦੇ ਹਨ ਜਿਸ ਨਾਲ ਉਨ੍ਹਾਂ ਦੇ ਸਫੇਦ ਦੰਦ ਹੋਰ ਜ਼ਿਆਦਾ ਚਮਕਦੇ ਹਨ। ਪੁਰਸ਼ਾਂ ਵੱਲੋਂ ਇਹ ਸਜਾਵਟ ਮਹਿਲਾਵਾਂ ਨੂੰ ਆਕਰਸ਼ਤ ਕਰਨ ਦੇ ਲਈ ਕੀਤੀ ਜਾਂਦੀ ਹੈ। ਇਸ ਦੇ ਬਾਅਦ ਉਹ ਮਹਿਲਾਵਾਂ ਦੇ ਸਾਹਮਣੇ ਅਨੋਖੀ ਤਰ੍ਹਾਂ ਨਾਲ ਨੱਚਦੇ ਹਨ।

## ਜੰਮੂ 'ਚ ਦੋ ਘਰਾਂ 'ਚੋਂ 6 ਲਾਸ਼ਾਂ ਬਰਾਮਦ

ਜੰਮੂ-ਸ਼ਹਿਰ ਦੇ ਬਾਹਰਵਾਰ ਸਿੱਧਰਾ ਇਲਾਕੇ ਦੇ ਤਵੀ ਵਿਹਾਰ ਦੇ ਦੋ ਘਰਾਂ ਵਿਚੋਂ 6 ਜੀਆਂ ਦੀਆਂ ਲਾਸ਼ਾਂ ਮਿਲੀਆਂ। ਪੁਲਸ ਨੇ ਕਿਹਾ ਕਿ ਮੌਤਾਂ ਜ਼ਹਿਰ ਨਾਲ ਹੋਈਆਂ ਜਾਪਦੀਆਂ ਹਨ। ਸ੍ਰੀਨਗਰ ਦੇ ਬਰਜ਼ੁਲਾ ਦੀ ਸ਼ਹਿਜ਼ਾਦਾ ਨੇ ਪੁਲਸ ਨੂੰ ਫੋਨ ਕੀਤਾ ਕਿ ਉਸ ਦਾ ਭਰਾ ਨੂਰ ਉਲ ਹਬੀਬ ਫੋਨ ਨਹੀਂ ਚੁੱਕ ਰਿਹਾ ਤੇ ਸ਼ੰਕਾ ਹੈ ਕਿ ਉਸ ਨੇ ਖੁਦਕੁਸ਼ੀ ਕਰ ਲਈ ਹੋਵੇਗੀ। ਸਬ-ਇੰਸਪੈਕਟਰ ਮਾਜਿਦ ਤੇ ਨਗਰੋਟਾ ਦੇ ਐੱਸ ਐੱਚ ਓ ਵਿਸ਼ਵ ਪ੍ਰਤਾਪ ਮੌਕੇ 'ਤੇ ਪੁੱਜੇ ਤਾਂ ਘਰ ਅੰਦਰੋਂ ਬੰਦ ਮਿਲਿਆ। ਅੰਦਰੋਂ ਬਦਬੂ ਆ ਰਹੀ ਸੀ। ਲੋਕਾਂ ਦੀ ਮੌਜੂਦਗੀ ਵਿਚ ਦਰਵਾਜ਼ੇ ਤੋੜੇ ਗਏ। ਅੰਦਰ ਚਾਰ ਲਾਸ਼ਾਂ ਮਿਲੀਆਂ। ਐੱਸ ਐੱਸ ਪੀ ਜੰਮੂ ਚੰਦਨ ਕੋਹਲੀ ਨੇ ਦੱਸਿਆ ਕਿ ਜ਼ਹਿਰ ਦਾ ਮਾਮਲਾ ਲੱਗਦਾ ਹੈ। ਇਹ ਪਤਾ ਕੀਤਾ ਜਾਏਗਾ ਕਿ ਇਨ੍ਹਾਂ ਨੂੰ ਜ਼ਹਿਰ ਦਿੱਤੀ ਗਈ ਜਾਂ ਇਨ੍ਹਾਂ ਖੁਦ ਖਾਧੀ। ਮ੍ਰਿਤਕਾਂ ਦੀ ਪਛਾਣ ਨੂਰ ਉਲ ਹਬੀਬ, ਸਕੀਨਾ ਬੇਗਮ, ਸੱਜਾਦ ਅਹਿਮਦ ਤੇ ਨਸੀਮਾ ਅਖਤਰ ਦੀਆਂ ਸਨ। ਲੋਕਾਂ ਨੇ ਦੱਸਿਆ ਕਿ ਇਸ ਪਰਵਾਰ ਦਾ ਇਲਾਕੇ 'ਚ ਇਕ ਹੋਰ ਘਰ ਹੈ। ਪੁਲਸ ਨੇ ਉਥੋਂ ਰੁਬੀਨਾ ਬਾਨੋ ਤੇ ਜ਼ਫਰ ਸਲੀਮ ਦੀਆਂ ਲਾਸ਼ਾਂ ਬਰਾਮਦ ਕੀਤੀਆਂ।


## 150 ਕਰੋੜ ਦੇ ਘਪਲੇ ਦੀ ਵਿਜੀਲੈਂਸ ਜਾਂਚ ਦੀ ਤਿਆਰੀ

ਚੰਡੀਗੜ੍ਹ-ਖੇਤੀਬਾੜੀ ਵਿਭਾਗ ਨੇ ਫਸਲਾਂ ਦੀ ਰਹਿੰਦ-ਖੂੰਹਦ ਦੀ ਸਾਂਭ-ਸੰਭਾਲ ਲਈ ਕਿਸਾਨਾਂ ਨੂੰ ਮਸ਼ੀਨਾਂ ਦੀ ਵੰਡ ਵਿਚ ਮੁਢਲੇ ਤੌਰ 'ਤੇ 150 ਕਰੋੜ ਰੁਪਏ ਦਾ ਘਪਲਾ ਹੋਣ ਦੀ ਸੰਭਾਵਨਾ ਜਤਾਈ ਗਈ ਹੈ। ਖੇਤੀਬਾੜੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਇਸ ਦੀ ਜਾਂਚ ਵਿਜੀਲੈਂਸ ਤੋਂ ਕਰਵਾਉਣ ਲਈ ਹਰੀ ਝੰਡੀ ਦੇ ਦਿੱਤੀ ਹੈ ਅਤੇ ਫਾਈਲ ਮੁੱਖ ਮੰਤਰੀ ਭਗਵੰਤ ਮਾਨ ਨੂੰ ਭੇਜ ਦਿੱਤੀ ਹੈ। ਖੇਤੀਬਾੜੀ ਮੰਤਰੀ ਨੇ ਦੱਸਿਆ ਪੰਜਾਬ ਸਰਕਾਰ ਵੱਲੋਂ ਸਾਲ 2018-19 ਤੋਂ ਸਾਲ 2021-22 ਤੱਕ ਸੈਂਟਰਲ ਸੈਕਟਰ ਸਕੀਮ ਪ੍ਰਮੋਸ਼ਨ ਆਫ ਐਗਰੀਕਲਚਰ ਮੈਕਨਾਈਜ਼ੇਸ਼ਨ ਫਾਰ ਇਨਸਿਟੂ ਮੈਨੇਜਮੈਂਟ ਆਫ ਕਰਾਪ ਰੈਜ਼ੀਡਿਊ (ਸੀ ਆਰ ਐੱਮ) ਲਾਗੂ ਕੀਤੀ ਗਈ ਸੀ। ਇਸ ਸਕੀਮ ਅਧੀਨ ਦੌਰਾਨ ਲਾਭਪਾਤਰੀ ਕਿਸਾਨਾਂ/ ਰਜਿਸਟਰਡ ਕਿਸਾਨ ਸਮੂਹਾਂ/ ਸਹਿਕਾਰੀ ਸਭਾਵਾਂ/ ਐੱਫ ਪੀ ਓ ਅਤੇ ਪੰਚਾਇਤਾਂ ਨੂੰ 90422 ਮਸ਼ੀਨਾਂ ਮੁਹੱਈਆ ਕਰਵਾਈਆਂ ਗਈਆਂ। ਇਨ੍ਹਾਂ ਵਿਚੋਂ 83986 ਮਸ਼ੀਨਾਂ ਖੇਤੀਬਾੜੀ ਵਿਭਾਗ ਵੱਲੋਂ ਮੁਹੱਈਆ ਕਰਵਾਈਆਂ ਗਈਆਂ ਸਨ ਅਤੇ ਬਾਕੀ ਰਹਿੰਦੀਆਂ ਮਸ਼ੀਨਾਂ ਰਜਿਸਟਰਾਰ ਸਹਿਕਾਰੀ ਸਭਾਵਾਂ ਵੱਲੋਂ ਮੁਹੱਈਆ ਕਰਵਾਈਆਂ ਗਈਆਂ ਸਨ। ਧਾਲੀਵਾਲ ਨੇ ਦੱਸਿਆ ਕਿ ਫੀਲਡ ਵਿੱਚੋਂ ਕਈ ਥਾਵਾਂ ਤੋਂ ਰਿਪੋਰਟ ਮਿਲੀਆਂ ਕਿ ਸਕੀਮ ਅਧੀਨ ਸਬਸਿਡੀ 'ਤੇ ਮੁਹੱਈਆ ਕਰਵਾਏ ਗਏ ਸੰਦ ਫੀਲਡ ਵਿਚ ਉਪਲੱਬਧ ਨਹੀਂ ਹਨ।

AMA CONCRETE
Commercial & Residential
• Placing Pumping & Finishing
• Foundation Floors
• Smooth Finishing
• Exposed Broom Finishing
• Stamped Concrete
ਜੇਕਰ ਤੁਸੀਂ ਡਰਾਈਵੇਅ ਪੁੱਟਣਾ ਚਾਹੁੰਦੇ ਹੋ, ਸਾਈਡ ਵਾਕ, ਕਰਬਜ਼ਾਂ ਕਿਸੇ ਵੀ ਤਰ੍ਹਾਂ ਦੀ ਕੰਕਰੀਟ ਨੂੰ ਕੱਟ ਕੇ ਰਿਮੂਵ ਕਰਦੇ ਹਾਂ
ਵਧੀਆ ਸਰਵਿਸ , ਵਾਜਿਬ ਰੇਟ ਅਤੇ ਮੁਫਤ ਐਸਟੀਮੇਟ ਲਈ ਫੋਨ ਕਰੋ
Sodhi: 604-518-4389 | Harjeet: 604-613-0472

J & S Insulation & Rebar Ltd.

Residential & Commercial
Batt Insulation, Rigid Insulation, Insulate Sprinkler, Slab Insulation, Rebar, Poly, Styrofoam
Quality Work, Free Estimates
Best Price
Sarbjit: 604.841.9849

SKY BLUE DRYWALL LTD.
Residential & Commercial
T-Bar
Steel Stud
Boarding
Taping
Ceiling Texture
Renovation
Quality Work
Free Estimates

Daljit Singh
778-549-3605
E: singh.mand@icloud.com

# ਗਿੱਪੀ ਵੱਲੋਂ ਮੂਸੇਵਾਲਾ ਨੂੰ ਪੰਜਾਬੀ ਸੰਗੀਤ ਜਗਤ 'ਚ ਲੈ ਕੇ ਆਉਣ ਦਾ ਦਾਅਵਾ

ਚੰਡੀਗੜ੍ਹ-ਪੰਜਾਬੀ ਗਾਇਕ ਤੇ ਅਦਾਕਾਰ ਗਿੱਪੀ ਗਰੇਵਾਲ ਨੇ ਹਾਲ ਹੀ ਵਿੱਚ ਇੱਕ ਇੰਟਰਵਿਊ ਦੌਰਾਨ ਖੁਲਾਸਾ ਕੀਤਾ ਕਿ ਸਿੱਧੂ ਮੂਸੇਵਾਲਾ ਨੂੰ ਪੰਜਾਬੀ ਸੰਗੀਤ ਜਗਤ ਵਿੱਚ ਉਹ ਲੈ ਕੇ ਆਇਆ ਸੀ। ਉਸ ਨੇ ਆਖਿਆ ਕਿ ਉਹ ਮੂਸੇਵਾਲਾ ਦੇ ਗੀਤ 'ਸੋ ਹਾਈ' ਤੋਂ ਬਹੁਤ ਪ੍ਰਭਾਵਿਤ ਸੀ। ਗਿੱਪੀ ਨੇ ਮਰਹੂਮ ਗਾਇਕ ਸਿੱਧੂ ਮੂਸੇਵਾਲਾ ਨਾਲ ਆਪਣੀ ਨੇੜਤਾ ਦਾ ਜ਼ਿਕਰ ਵੀ ਕੀਤਾ। ਜਾਣਕਾਰੀ ਅਨੁਸਾਰ ਲੰਘੀ 29 ਮਈ ਨੂੰ ਮਾਨਸਾ ਨੇੜੇ ਗੈਂਗਸਟਰਾਂ ਨੇ ਗੋਲੀਆਂ ਮਾਰ ਮੂਸੇਵਾਲਾ ਦੀ ਹੱਤਿਆ ਕਰ ਦਿੱਤੀ ਸੀ। ਬੌਲੀਵੁੱਡ ਹੰਗਾਮਾ ਨਾਲ ਗੱਲਬਾਤ ਕਰਦਿਆਂ ਗਿੱਪੀ ਗਰੇਵਾਲ ਨੇ ਆਖਿਆ,"ਸਿੱਧੂ ਮੂਸੇਵਾਲਾ ਨੂੰ ਪੰਜਾਬ ਵਿੱਚ ਮੈਂ ਲਾਂਚ ਕੀਤਾ ਸੀ। ਜਦੋਂ ਮੈਂ ਆਪਣੀ ਮਿਊਜ਼ਿਕ ਕੰਪਨੀ 'ਹੰਬਲ' ਲਾਂਚ ਕੀਤੀ ਸੀ ਤਾਂ ਅਸੀਂ ਇੱਕ ਵੱਡੇ ਗਾਇਕ ਨਾਲ ਗੀਤ ਰਿਕਾਰਡ ਕੀਤਾ ਸੀ। ਉਦੋਂ ਮੈਨੂੰ ਕਿਸੇ ਦੋਸਤ ਨੇ



ਮੂਸੇਵਾਲਾ ਬਾਰੇ ਦੱਸਿਆ ਸੀ ਅਤੇ ਕੰਪਨੀ ਲਾਂਚ ਕਰਨ ਤੋਂ ਬਾਅਦ ਉਸ ਦਾ ਗੀਤ ਜ਼ਰੂਰ ਰਿਲੀਜ਼ ਕਰਨ ਦੀ ਅਪੀਲ ਕੀਤੀ ਸੀ। ਜਦੋਂ ਮੈਂ ਗੀਤ ਸੁਣਿਆ ਤਾਂ ਗੀਤ ਬਹੁਤ ਕਮਾਲ ਦਾ ਸੀ ਅਤੇ ਮੈਂ ਆਖਿਆ ਸੀ ਕਿ ਇਹ ਗੀਤ ਰਿਲੀਜ਼ ਹੋਣ ਮਗਰੋਂ ਹਿੱਟ ਹੋਵੇਗਾ। ਗੀਤ 'ਸੋ ਹਾਈ' ਮਿਊਜ਼ਿਕ ਕੰਪਨੀ 'ਹੰਬਲ' ਲਈ ਕਮਾਈ ਦਾ ਸਾਧਨ ਬਣਿਆ ਅਤੇ ਇਸੇ ਗੀਤ ਨੇ ਮੂਸੇਵਾਲਾ ਦੀ ਪਛਾਣ ਬਣਾਈ। ਮੂਸੇਵਾਲਾ ਦੀ ਮੌਤ ਤੋਂ ਬਾਅਦ ਇਸ ਗੀਤ ਦੀ ਵੀਡੀਓ 'ਤੇ ਯੂਟਿਊਬ ਉੱਤੇ 5.6 ਲੱਖ ਤੋਂ ਵੱਧ ਵਿਊਜ਼ ਸਨ।" ਗਿੱਪੀ ਨੇ ਆਖਿਆ ਕਿ ਮਿਊਜ਼ਿਕ ਪ੍ਰੋਡਿਊਸਰਜ਼ ਨੂੰ ਮਰਹੂਮ ਮੂਸੇਵਾਲਾ ਦੇ ਤਿਆਰ ਅਤੇ ਅਧੂਰੇ ਗੀਤ ਰਿਲੀਜ਼ ਨਾ ਕਰਨ ਕਿਉਂਕਿ ਇਹ ਉਸ ਦੇ ਮਾਪਿਆਂ ਦੀ 'ਜਾਇਦਾਦ' ਹੈ। ਮੂਸੇਵਾਲਾ ਦੇ ਪਿਤਾ ਅਨੁਸਾਰ ਮਰਹੂਮ ਸਿੱਧੂ ਮੂਸੇਵਾਲਾ ਦੇ ਕਰੀਬ 40-50 ਗੀਤ ਰਿਲੀਜ਼ ਹੋਣੇ ਬਾਕੀ ਹਨ।

## ਬਿਪਾਸ਼ਾ ਘਰ ਆਏਗਾ ਨੰਨ੍ਹਾ ਮਹਿਮਾਨ



ਮੁੰਬਈ-ਬੌਲੀਵੁੱਡ ਅਦਾਕਾਰਾ ਬਿਪਾਸ਼ਾ ਬਾਸੂ ਅਤੇ ਉਸ ਦੇ ਅਦਾਕਾਰ ਪਤੀ ਕਰਨ ਸਿੰਘ ਗਰੋਵਰ ਨੇ ਐਲਾਨ ਕੀਤਾ ਹੈ ਕਿ ਉਨ੍ਹਾਂ ਦੇ ਘਰ ਨੰਨ੍ਹਾ ਮਹਿਮਾਨ ਆਉਣ ਵਾਲਾ ਹੈ। 43 ਸਾਲਾ ਅਦਾਕਾਰਾ ਨੇ ਇੰਸਟਾਗ੍ਰਾਮ 'ਤੇ ਆਪਣੇ ਗਰਭਵਤੀ ਹੋਣ ਦੀਆਂ ਤਸਵੀਰਾਂ ਸਾਂਝੀਆਂ ਕੀਤੀਆਂ ਹਨ। ਇਕ ਤਸਵੀਰ 'ਚ ਬਿਪਾਸ਼ਾ ਚਿੱਟੇ ਰੰਗ ਦੀ ਕਮੀਜ਼ 'ਚ ਨਜ਼ਰ ਆ ਰਹੀ ਹੈ ਜਦਕਿ ਉਸ ਦਾ ਪਤੀ ਕਰਨ ਉਸ ਨਾਲ ਪਿਆਰ ਦਾ ਇਜ਼ਹਾਰ ਕਰਦਾ ਨਜ਼ਰ ਆ ਰਿਹਾ ਹੈ। ਉਸ ਨੇ ਤਸਵੀਰਾਂ ਦੀ ਕੈਪਸ਼ਨ ਲਿਖਦਿਆਂ ਆਖਿਆ ਕਿ ਇੱਕ ਨਵਾਂ ਸਮਾਂ, ਇੱਕ ਨਵਾਂ ਪੜਾਅ, ਇੱਕ ਨਵੀਂ ਰੋਸ਼ਨੀ ਤੇ ਉਨ੍ਹਾਂ ਦੀ ਜ਼ਿੰਦਗੀ ਨੂੰ ਨੰਨ੍ਹਾ ਮਹਿਮਾਨ ਆ ਕੇ ਰੁਸ਼ਨਾਵੇਗਾ। ਉਸ ਨੇ ਆਪਣੇ ਪ੍ਰਸ਼ੰਸਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਪਿਆਰ, ਪ੍ਰਾਰਥਨਾਵਾਂ ਅਤੇ ਸ਼ੁਭਕਾਮਨਾਵਾਂ ਹਮੇਸ਼ਾ ਬਣੀਆਂ ਰਹਿਣਗੀਆਂ। ਦੱਸਣਾ ਬਣਦਾ ਹੈ ਕਿ ਬਿਪਾਸ਼ਾ ਦੀ ਕਰਨ ਨਾਲ ਮੁਲਾਕਾਤ ਸਾਲ 2015 'ਚ 'ਅਲੋਨ" ਦੇ ਸੈੱਟ 'ਤੇ ਹੋਈ ਸੀ ਅਤੇ ਦੋਹਾਂ ਨੇ ਸਾਲ 2016 ਵਿਚ ਵਿਆਹ ਕਰਵਾਇਆ ਸੀ। ਬਿਪਾਸ਼ਾ ਦੀ ਇਸ ਤੋਂ ਪਹਿਲਾਂ ਅਦਾਕਾਰ ਜੌਹਨ ਅਬਰਾਹਮ ਨਾਲ ਦੋਸਤੀ ਸੀ।

# ਗਾਇਕਾ ਜੋਤੀ ਨੂਰਾਂ ਦੀ ਪਤੀ ਨਾਲ ਹੋਈ ਸੁਲ੍ਹਾ



ਜਲੰਧਰ-ਪੰਜਾਬ ਦੀ ਸੂਫੀ ਗਾਇਕਾ ਜੋਤੀ ਨੂਰਾਂ ਅੱਜ ਆਪਣੇ ਪਤੀ ਕੁਨਾਲ ਪਾਸੀ ਨਾਲ ਮੀਡੀਆ ਦੇ ਰੂਬਰੂ ਹੋਈ। ਦੋਵਾਂ ਨੇ ਇਕਜੁੱਟਤਾ ਦਿਖਾਉਂਦਿਆਂ ਕਿਹਾ ਕਿ ਉਨ੍ਹਾਂ ਵਿੱਚ ਕੁਝ ਗਲਤ-ਫਹਿਮੀ ਹੋ ਗਈ ਸੀ ਪਰ ਰੱਬ ਨੇ ਉਨ੍ਹਾਂ ਨੂੰ ਦੁਬਾਰਾ ਮਿਲਾ ਦਿੱਤਾ ਹੈ। ਜ਼ਿਕਰਯੋਗ ਹੈ ਕਿ ਨੂਰਾਂ ਨੇ ਪਿਛਲੇ ਹਫਤੇ ਹੀ ਆਪਣੇ ਪਤੀ ਨੂੰ ਨਸ਼ੇੜੀ ਕਹਿੰਦਿਆਂ ਤਲਾਕ ਲੈਣ ਲਈ ਅਦਾਲਤ ਤਕ ਪਹੁੰਚ ਕੀਤੀ ਸੀ। ਜੋਤੀ ਨੂਰਾਂ ਅੱਜ ਭਾਵੁਕ ਹੋ ਗਈ, ਉਸ ਨੇ ਕਾਨਫਰੰਸ ਵਿੱਚ ਹੀ ਗੀਤ 'ਤੁਰ ਚੱਲਿਆਂ ਵੇ ਛੱਲਾ, ਤੁਰ ਚੱਲਿਆ' ਵੀ ਸੁਣਾਇਆ। ਜੋਤੀ ਨੇ ਕਿਹਾ ਕਿ ਹੁਣ ਦੋਵਾਂ 'ਚ ਸਭ ਕੁਝ ਠੀਕ ਹੋ ਗਿਆ ਹੈ ਤੇ ਤਲਾਕ ਦੀ ਅਰਜ਼ੀ ਵਾਪਸ ਲੈ ਲਈ ਹੈ। ਪਤੀ ਨੂੰ ਨਸ਼ੇੜੀ ਕਹਿਣ ਬਾਰੇ ਜੋਤੀ ਨੇ ਕਿਹਾ ਕਿ ਉਸ ਨੇ ਗੁੱਸੇ 'ਚ ਬਹੁਤ ਕੁਝ ਕਹਿ ਦਿੱਤਾ ਸੀ ਪਰ ਅੱਜ ਉਹ ਸਭ ਦੇ ਸਾਹਮਣੇ ਇਹ ਕਹਿਣਾ ਚਾਹੁੰਦੀ ਹੈ ਕਿ ਉਸ ਦਾ ਪਤੀ ਸਿਗਰੇਟ ਜਾਂ ਭੰਗ ਹੀ ਪੀਂਦਾ ਹੈ। ਕੁਨਾਲ ਨੇ ਉਸ ਨਾਲ ਵਾਅਦਾ ਕੀਤਾ ਹੈ ਕਿ ਉਹ ਛੱਡ ਕੇ ਨਹੀਂ ਜਾਵੇਗਾ ਤੇ ਨਾ ਹੀ ਉਹ ਕੋਈ ਨਸ਼ਾ ਲਵੇਗਾ। ਕੁਨਾਲ ਪਾਸੀ ਨੇ ਦੱਸਿਆ ਕਿ ਦੋਹਾਂ 'ਚ ਗਲਤਫਹਿਮੀ ਦਾ ਕਈ ਲੋਕ ਫਾਇਦਾ ਉਠਾਉਣਾ ਚਾਹੁੰਦੇ ਸਨ ਪਰ ਅੱਜ ਦੋਵੇਂ ਫਿਰ ਇੱਕ ਹੋ ਗਏ ਹਨ। ਇਹ ਪੁੱਛੇ ਜਾਣ 'ਤੇ ਕਿ ਉਸ ਦੀ ਪਤਨੀ ਨੇ 20 ਕਰੋੜ ਰੁਪਏ ਗਾਇਬ ਕਰਨ ਦਾ ਦੋਸ਼ ਲਗਾਇਆ ਸੀ ਤਾਂ ਕੁਨਾਲ ਨੇ ਦੱਸਿਆ ਕਿ ਇਹ ਮਾਮਲਾ ਵੀ ਸੁਲਝਾ ਲਿਆ ਗਿਆ ਹੈ।

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ
☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ
• Residential Mortgages
• Construction Mortgage
• Commercial Mortgages
• Farm Financing
• Private Mortgages
• 2nd & 3rd Mortgage
(*Conditionsapply)
Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com

KULDIP S PANESAR
Senior Mortgage Advisor
Cell: 604-308-6839


TSM GALLERY
High quality artwork for your home or business, religious or public places.
We specialize in all kind of wallpaper installation.
Tejpal Singh Mann (Artist)
778-885-2197
9353 120st Delta BC (By Appointment)
www.tsmgallery.ca | www.jollyarts.ca
Mehndi(henna) , Jagua , Airbrush Body Art, Temporary Tattoo.
Learn in your spare time ,
Earn extra income gain friends
Training available .


# ਪਿਆਰ ਮੁਹੱਬਤ ਦੀ ਕਹਾਣੀ ਹੈ ਨਵੀਂ ਪੰਜਾਬੀ ਫ਼ਿਲਮ 'ਜਿੰਦ ਮਾਹੀ'

ਮੌਜੂਦਾ ਪੰਜਾਬੀ ਸਿਨਮਾ ਦਾ ਬਹੁਤਾ ਵਿਸ਼ਾ ਵਸਤੂ ਪੜ੍ਹਾਈ ਦੇ ਬਹਾਨੇ ਵਿਦੇਸ਼ ਜਾ ਰਹੀ ਜਵਾਨੀ ਦੁਆਲੇ ਹੁੰਦਾ ਹੈ। ਭਾਵੇਂ ਇਹ ਸਾਡੇ ਸਮਾਜ ਦਾ ਕੌੜਾ ਸੱਚ ਹੈ, ਪਰ ਅਜੋਕੇ ਸਿਨਮਾ ਨੇ ਵਿਦੇਸ਼ਾਂ ਵਿਚਲੀ ਪੰਜਾਬੀਆਂ ਦੀ ਜ਼ਿੰਦਗੀ ਨੂੰ ਹੂਬਹੂ ਪਰਦੇ 'ਤੇ ਉਤਾਰਨ ਦਾ ਯਤਨ ਕੀਤਾ ਹੈ। ਲੇਖਕ-ਨਿਰਦੇਸ਼ਕ ਸਮੀਰ ਪੰਨੂ ਦੀ ਹਾਲ ਹੀ ਵਿੱਚ ਰਿਲੀਜ਼ ਹੋਈ ਪੰਜਾਬੀ ਫਿਲਮ 'ਜਿੰਦ ਮਾਹੀ' ਦੋ ਦਿਲਾਂ ਵਿਚਲੇ ਸੱਚੇ ਪਿਆਰ ਦੀ ਖਿੱਚ ਨੂੰ ਬਿਆਨਦੀ ਨਿਵੇਕਲੀ ਪ੍ਰੇਮ ਕਹਾਣੀ ਹੈ ਜੋ ਵਿਦੇਸ਼ਾਂ ਵਿੱਚ ਪੜ੍ਹਾਈ ਕਰਨ ਵਾਲੇ ਪੰਜਾਬੀ ਨੌਜਵਾਨਾਂ ਦੀ ਜ਼ਿੰਦਗੀ ਦੇ ਵੱਖ ਵੱਖ ਪਹਿਲੂਆਂ ਨਾਲ ਜੁੜੀ ਵੱਖਰੇ ਵਿਸ਼ੇ ਨੂੰ ਪੇਸ਼ ਕਰਦੀ ਹੈ। ਇਸ ਵਿੱਚ ਪਿਆਰ, ਵਿਛੋੜਾ ਤੇ ਦਿਲ-ਟੁੰਬਵਾਂ ਗੀਤ ਸੰਗੀਤ ਵੀ ਹੈ। ਇਸ ਫਿਲਮ ਵਿੱਚ ਸੋਨਮ ਬਾਜਵਾ ਤੇ ਅਜੇ ਸਰਕਾਰੀਆ ਦੀ ਜੋੜੀ ਨੇ ਮੁੱਖ ਭੂਮਿਕਾ ਨਿਭਾਈ ਹੈ। ਇਸ ਤੋਂ ਇਲਾਵਾ ਅਦਾਕਾਰ ਗੁਰਨਾਮ ਭੁੱਲਰ ਵੀ ਆਪਣੇ ਵਿਸ਼ੇਸ਼ ਕਿਰਦਾਰ ਨਾਲ ਜੁੜਿਆ ਹੋਇਆ ਹੈ। ਅਜੇ ਸਰਕਾਰੀਆਂ ਦੀ ਇਹ ਦੂਜੀ ਫ਼ਿਲਮ ਹੈ ਜਦੋਂਕਿ ਉਸ ਦੀ ਪਹਿਲੀ ਫਿਲਮ 'ਅੜਬ ਮੁਟਿਆਰਾਂ' ਸੀ ਜਿਸ ਵਿੱਚ ਉਸ ਦੀ ਅਦਾਕਾਰੀ ਨੂੰ ਦਰਸ਼ਕਾਂ ਦਾ ਚੰਗਾ ਪਿਆਰ ਮਿਲਿਆ ਸੀ। ਇਸ ਵਿਚਲਾ ਕਿਰਦਾਰ ਵੀ ਉਸ ਦੀ ਅਦਾਕਾਰੀ ਦੇ ਕਈ ਰੰਗ ਪੇਸ਼ ਕਰ ਰਿਹਾ ਹੈ। ਕਹਾਣੀ ਦੀ ਗੱਲ ਕਰੀਏ ਤਾਂ ਇਹ ਫਿਲਮ ਕਾਮੇਡੀ ਭਰਪੂਰ ਪ੍ਰੇਮ ਕਹਾਣੀ ਹੈ ਜਿਸ ਵਿੱਚ ਦੋ ਪਿਆਰ ਕਰਨ ਵਾਲਿਆਂ ਦੇ ਦਿਲਾਂ ਦੀਆਂ ਭਾਵਨਾਵਾਂ ਨੂੰ ਬਾਖੂਬੀ ਪੇਸ਼ ਕੀਤਾ ਗਿਆ ਹੈ। ਇਸ ਫਿਲਮ ਵਿੱਚ ਅਜੇ ਸਰਕਾਰੀਆ ਨੇ ਹੈਰੀ ਨਾਂ ਦੇ ਅਜਿਹੇ ਸੰਸਕਾਰੀ ਮੁੰਡੇ ਦਾ ਕਿਰਦਾਰ ਨਿਭਾਇਆ ਹੈ ਜੋ ਸੱਤ ਸੁਮੰਦਰੋਂ ਪਾਰ ਆ ਕੇ ਵੀ ਆਪਣੇ ਵਿਰਸੇ ਅਤੇ ਅਸੂਲਾਂ ਨਾਲ ਜੁੜਿਆ ਹੋਇਆ ਹੈ। ਉਹ ਬਾਹਰ ਬੈਠਾ ਵੀ ਘਰੇ ਬੈਠੇ ਮਾਪਿਆਂ ਦਾ ਆਗਿਆਕਾਰ ਹੈ। ਆਪਣੇ ਦੋਸਤਾਂ ਵਾਂਗ ਉਹ ਵੀ ਵਿਦੇਸ਼ੀ ਮਾਹੌਲ ਦੀ ਖੁੱਲ੍ਹੀ ਹਵਾ ਵਿੱਚ ਆਜ਼ਾਦ ਪੰਛੀ ਬਣ ਕੇ ਉਡਾਰੀਆਂ ਮਾਰਨਾ ਚਾਹੁੰਦਾ ਹੈ, ਪਰ ਪਰਿਵਾਰਕ ਦਬਾਅ ਦੀ ਕੈਂਚੀ ਨੇ ਉਸ ਦੇ ਪਰ ਕੁਤਰੇ ਹੋਏ ਹਨ। ਉਤਲੇ ਮਨੋ ਖੁਸ਼ ਰਹਿਣ ਵਾਲਾ ਹੈਰੀ ਅੰਦਰੋਂ ਤਣਾਅ ਭਰੀ ਜ਼ਿੰਦਗੀ ਜੀਅ ਰਿਹਾ ਹੈ। ਇਸੇ ਤਣਾਅ ਵਿੱਚ ਘਿਰਿਆ ਆਖਿਰ ਉਹ ਖੁਦਕੁਸ਼ੀ ਦੇ ਰਾਹ ਵੱਲ ਕਦਮ ਵਧਾਉਂਦਾ ਹੈ, ਪਰ ਮੌਕੇ ਸਿਰ ਲਾਡੋ ਨਾਂ ਦੀ ਪੰਜਾਬਣ ਕੁੜੀ ਉਸ ਨੂੰ ਬਚਾਅ ਲੈਂਦੀ ਹੈ। ਲਾਡੋ (ਸੋਨਮ ਬਾਜਵਾ) ਖੁੱਲ੍ਹੇ ਸੁਭਾਅ ਦੀ ਬੇਪ੍ਰਵਾਹ ਕੁੜੀ ਹੈ। ਉਹ ਹੈਰੀ ਦੀਆਂ ਭਾਵਨਾਵਾਂ ਜਾਣ ਕੇ ਉਸ ਨੂੰ ਤਣਾਅ ਮੁਕਤ ਕਰਨ ਦਾ ਯਤਨ ਕਰਦੀ ਹੈ। ਇਸੇ ਦੌਰਾਨ ਹੈਰੀ ਉਸ ਦੀਆਂ ਰੇਸ਼ਮੀ ਜ਼ੁਲਫ਼ਾਂ 'ਚ ਕੈਦ ਹੋ ਜਾਂਦਾ ਹੈ, ਪਰ ਜਿਉਂ ਹੀ ਨੇੜਤਾ ਦਾ ਸਮਾਂ ਆਉਂਦਾ ਹੈ ਤੀਸਰਾ ਪਾਤਰ ਸ਼ਾਇਰ ਗੁਰਨਾਮ ਭੁੱਲਰ ਦੀ ਆਮਦ ਹੈਰੀ ਨੂੰ ਗਲਤਫ਼ਹਿਮੀਆਂ ਦਾ ਸ਼ਿਕਾਰ ਬਣਾ ਦਿੰਦੀ ਹੈ। ਵਾਇਟਹਿੱਲ ਸਟੂਡੀਓ ਦੀ ਪੇਸ਼ਕਸ਼ ਇਸ ਫਿਲਮ ਵਿੱਚ ਸੋਨਮ ਬਾਜਵਾ, ਅਜੇ ਸਰਕਾਰੀਆ, ਗੁਰਨਾਮ ਭੁੱਲਰ, ਰਾਜ ਸ਼ੇਕਰ, ਬਨਿੰਦਰ ਬੰਨੀ, ਸ਼ਵਿੰਦਰ ਮਾਹਲ ਤੇ ਸੁੱਖੀ ਚਾਹਲ ਨੇ ਅਹਿਮ ਕਿਰਦਾਰ ਨਿਭਾਏ ਹਨ। ਭਾਵੇਂ ਇਸ ਫਿਲਮ ਦੀ ਜ਼ਿਆਦਾਤਰ ਸੂਟਿੰਗ ਯੂਕੇ ਵਿੱਚ ਹੋਈ ਹੈ, ਪਰ ਫਿਲਮ ਵਿੱਚ ਮਾਝੇ ਤੇ ਦੁਆਬੇ ਦੀ ਠੇਠ-ਬੋਲੀ ਦਰਸ਼ਕਾਂ ਨੂੰ ਪ੍ਰਭਾਵਿਤ ਕਰਦੀ ਹੈ। ਇਹ ਤਿਕੋਣੇ ਪਿਆਰ ਦੀ ਕਹਾਣੀ ਸੁਮੀਰ ਪੰਨੂ ਤੇ ਮਨਮੋਰਡ ਸਿੱਧੂ ਨੇ ਲਿਖੀ ਹੈ। ਸਕਰੀਨ ਪਲੇਅ ਤੇ ਡਾਇਲਾਗ ਮਨਮੋਰਡ ਸਿੰਘ ਸਿੱਧੂ, ਸੁਮੀਰ ਪੰਨੂ ਤੇ ਜਤਿੰਦਰ ਲਾਲ ਨੇ ਲਿਖੇ ਹਨ।

—ਸੁਰਜੀਤ ਜੱਸਲ










TRANSource
FREIGHTWAYS

Pin to Pin (ਯਾਰਡ ਤੋਂ ਯਾਰਡ)

ਕੰਮ ਲਈ Drivers and
Owner Operators ਚਾਹੀਦੇ ਹਨ।

ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ




ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

SUKHBIR SINGH:604-525-0527 Ext 112

ਸੋਮਵਾਰ ਤੋਂ ਸ਼ੁੱਕਰਵਾਰ ਸਵੇਰ 9 ਵਜੇ ਤੋਂ ਸ਼ਾਮ 5 ਵਜੇ ਤੱਕ

ਸ਼ਨੀਵਾਰ: 604-808-9805

Email:safety@transourcefreightways.com

fruiticana hee jaana!

Your one and only Surrey owned Punjabi store

ਸਰੀ ਦਾ ਹਰਮਨ ਪਿਆਰਾ ਤੁਹਾਡਾ ਆਪਣਾ ਇਕੋ ਇਕ ਪੰਜਾਬੀ ਸਟੋਰ

LOWEST PRICES IN TOWN

EXTRA EXTRA SUPER SPECIAL
Roma Tomatoes
ਰੋਮਾ ਟਮਾਟਰ
99¢ lb

EXTRA SUPER SUPER SPECIAL
Yellow Med Onions
ਪੀਲੇ ਗੰਢੇ 50 lbs
YELLOW ONION
$16.99 bag

Green & Red Seedless Grapes
ਅੰਗੂਰ ਲਾਲ ਜਾਂ ਹਰੇ (ਬਿਨਾਂ ਬੀਜ ਤੋਂ)
$1.99 lb

EXTRA SUPER SUPER SPECIAL
Desi Karela
ਦੇਸੀ ਕਰੇਲਾ
$1.49 lb

SUPER SPECIAL
Long Eggplants
ਲੰਬੇ ਬਤਾਊਂ
99¢ lb

Indican Assam Tea 216's
ਇੰਡੀਕੈਂਨ ਅਸਾਮ ਚਾਹ
$7.99 box

Pink Lady Apples
ਪੀਂਕ ਲੇਡੀ ਐਪਲ
$1.29 lb

SUPER SPECIAL
Seedless Watermelons
ਬਿਨਾਂ ਬੀਜ ਹਦਵਾਣਾ
69¢ lb

SUPER SPECIAL
Hamdard Rooh Afza (Indian) 750 ml
ਰੂਹ ਅਫਜ਼ਾ
$3.88 bottle

Dabur Rose Syrup 710 ml
ਡਾਬਰ ਗੁਲਾਬ ਰਸ
$4.99 bottle

Nectarines
ਨਿਕਟੇਰੀਨਸ
$1.99 lb

SUPER SPECIAL
Russet Potatoes (10 lbs) Snoboy
ਆਲੂ ਰਸਟ ਸਨੋਬੁਆਏ
$4.99 bag

SUPER SPECIAL
Chickpeas, Chana Dal & Red Lentil Whole 4 lbs (Indican)
ਚਿੱਟੇ ਛੋਲੇ, ਚਨੇ ਦੀ ਦਾਲ, ਮਸਰਾਂ ਦੀ ਸਾਬਤ ਦਾਲ, (ਇੰਡੀਕੈਂਨ)
$3.88 bag

Almonds Supreme #1
ਬਦਾਮ ਪ੍ਰੀਮੀਅਮ ਸਾਈਜ਼ ੧
$3.98 lb

Peaches
ਆੜੂ
$1.99 lb

Indican Almond Oil 1 L
ਇੰਡੀਕੈਂਨ ਬਦਾਮ ਦਾ ਤੇਲ
$12.99 bottle

Jumbo Cauliflower (Size 9)
ਵੱਡਾ ਗੋਬੀ ਦਾ ਫੁੱਲ ਸਾਈਜ਼ ੯
$2.49 ea.

SUPER SPECIAL
Red Delicious Apples
ਲਾਲ ਸਵਾਦ ਸੇਬ
98¢ lb

Spinach
ਪਾਲਕ
99¢ bunch

Opo Squash (Long)
ਓਪੋ ਕੱਦੂ ਲੰਬੇ
88¢ lb

Green Elaichi (Cardamom) S.G
ਹਰੀ ਇਲਾਇਚੀ (ਐੱਸ. ਜੀ)
$18.99 lb

Fri Aug 19, 2022 - Wed Aug 24, 2022

We reserve the right to limit the quantities while they last

Specials valid for Lower Mainland only

Product images may differ from the actual product.

22 LOCATIONS TO SERVE YOU
Head Office: 7676 Anvil Way, Surrey
604-502-0005
www.fruiticana.com

fruiticana SINCE 1994

BUSINESS HOURS
9 AM - 9 PM
7 DAYS A WEEK

| | | |
|---|---|---|
| Newton | 13783 72nd Ave. Surrey | 604-590-2080 |
| Newton | 13174 64th Ave. Surrey | 604-598-9220 |
| Scott Road | 12047 80th Ave. Surrey | 604-591-5032 |
| Scott Road | 104-7028 120th St. | 604-590-8864 |
| Cedar Hills | 12867 96th Ave. Surrey | 604-588-6620 |
| Fleetwood | 101-15933 Fraser Hwy | 604-593-5163 |
| Fleetwood | 15230 84 Ave. | 236-317-6272 |
| Surrey | 12990 72nd Ave. | 604-503-5510 |
| Surrey | 12788 76A Ave. Surrey | 604-597-1676 |
| Surrey | 16788 64 Ave. | 604-372-2023 |
| Surrey | 101-7228 192St. | 604-575-3750 |
| New Westminster | 101-331 6th St. | 604-395-3595 |
| Abbotsford | 2785 Bourquin Crescent W. | 604-744-0328 |
| Abbotsford | 31205 Maclure Rd. | 604-504-5877 |
| Port Coquitlam | 2807 Shaughnessy St. | 604-464-0822 |
| Vancouver | 6257 Fraser St. | 604-321-9931 |
| Richmond | 4101 No.5 Rd. | 604-244-9520 |